# ਲੋਕਤਾ

ਅਗਸਤ - 1988

**August - 1988**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ

Price 25¢ Out of Greater Vancouver 50¢

# ਮਾਸਿਕ ਲੋਕਤਾ

# The Lokta

Monthly Magazine

2nd class Mail Reg. No. 6794

VOL. 12 NO. 9

ਅਗਸਤ August 1988



ਸ਼ਹੀਦ ਭਗਤ ਸਿੰਘ

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

ਜਿਨਾ ਦੇਸ ਸੇਵਾ ਵਲੇ ਪੈਰ ਧਰਿਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

ਅਗਸਤ/August 1988

VOL. 12 NO. 9

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

LOKTA BOARD

MANAGER
Harkewal S. Dhaliwal 588-4279

PUBLISHER
Piara Singh Basi
588-7573

EDITORIAL BOARD

Jit. S. Ankhi 596-6984
Soofi Amarjit 581-7811
Surinder S. Sangha 588-5217
Mohinder S. Soomel 327-6461
Gurnam S. Sanghera 325-1662

CIRCULATION
Jasdeep S. Sandhu

ADVERTISEMENT
Amarjit Chatha

LOKTA REPRESENTATIVE

Ranjit S. Sandhu — Williams Lake (392-7405)
Surinder S. Johal — Edmonton (461-6073)
Nirmal S. Dhindsa — Brampton (453-8149)
Lehamber S. Pooni — Toronto (671-2296)
Rajinder S. Dhaliwal — Winnipeg (633-5229)
Surjit S. Bopanrai — Quesnel (992-3849)

## ਕੀ ਕਿੱਥੇ ਹੈ ?


- ਭਾਰਤ ਵਿਰੁੱਧ ਸਾਮਰਾਜੀ ਸਾਜ਼ਸ਼ਾਂ — 3
- ਦੇਸ਼ ਭਗਤੀ ਅਤੇ ਦੇਸ਼ ਧਰੋਹ - ਸੂਫੀ ਅਮਰਜੀਤ — 5
- ਪੰਜਾਬ ਮਸਲਾ ਲਟਕਾਉਣਾ ਦੇਸ਼ ਦੇ ਹਿਤ ਵਿਚ ਨਹੀਂ — 6
  ਸਾਥੀ ਹਰਕਿਸ਼ਨ ਸਿੰਘ ਸੁਰਜੀਤ
- ਦਰਬਾਰ ਸਾਹਿਬ ਕੰਪਲੈਕਸ — 10
- ਸੱਜ ਪਿਛਾਖੜੀ ਫਿਰਕੂ ਸੋਚ ਲਈ ਭੁਗਤਦੇ 'ਸਿਧਾਂਤਕਾਰ' ਤੇ ਪੰਜਾਬ ਮਸਲਾ — 26
- ਕਹਾਣੀ — 22
- ਚੋਣ ਸੁਧਾਰਾਂ ਦੀ ਫੇਰ ਗੱਲ ਚੱਲੀ — 29


CALL US FIRST

IATA **Express Internationl Travel** (1986) Ltd.
Authorised Agents for All Majo[r] Airlines of the World.

ਧਮਾਕੇਦਾਰ ਸੇਲ ਲੱਗ ਗਈ ਹੈ ।

ਸਿੰਘਾਪੁਰ $1050.00 ਟਰਾਂਟੋ $299 Return ਕੈਲਗਰੀ $148
ਹਾਂਗਕਾਂਗ $870 RT ਇੰਗਲੈਂਡ $648 Return ਐਡਮੰਟਨ $164

- ਸਾਡੇ ਕੋਲ ਸਪੈਸ਼ਲ ਇਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ ।
- ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ ।
- ਇੱਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇੰਸ਼ੋਰੈਂਸ Free ਦਿੱਤੀ ਜਾਵੇਗੀ
- ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਤੇ ਹਰ ਕੋਨੇ ਵਿਚ ਸਪੈਸ਼ਲ ਸਰਵਿਸ
- ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ



AJIT KANG

5787 Victoria Drive, Vancouver, B.C. V5P 3W5 **Ph. 321-8777**

ਸੰਪਾਦਕੀ

# ਨੈਲਸਨ ਮੰਡੇਲਾ ਅਤੇ ਦੱਖਣੀ ਅਫਰੀਕਾ

ਦੱਖਣੀ ਅਫਰੀਕਾ ਦੇ ਲੋਕਾਂ ਦਾ ਨੁਮਾਇੰਦਾ, ਉਹਨਾਂ ਦੀ ਆਜ਼ਾਦੀ ਲਈ ਜਦੋ ਜਹਿਦ ਦਾ ਅਸਲੀ ਤੇ ਅਮਲੀ ਚਿੰਨ੍ਹ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਦਾ ਨੇਤਾ, ਨੈਲਸਨ ਮੰਡੇਲਾ ਦੀ 18 ਜੁਲਾਈ 1988 ਨੂੰ 70ਵੀਂ ਜਨਮ ਵਰ੍ਹੇ ਗੰਢ ਸੀ। ਇਸ ਲੋਕ ਪ੍ਰੀਆ ਆਜ਼ਾਦੀ ਦੇ ਘੁਲਾਟੀਏ ਦਾ ਜਨਮ ਦਿਨ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨਾਇਆ ਗਿਆ ਅਤੇ ਲੰਡਨ ਆਦਿ ਵਿਚ ਕਨਸਰਟ (Concern) ਹੋਏ। ਦੱਖਣੀ ਅਫਰੀਕਾ ਦੀ ਫਾਸ਼ੀ ਤੇ ਨਸਲਵਾਦੀ ਸਰਕਾਰ ਨੇ ਬਰਸੀ ਮਨਾਉਣ ਵਾਲੀਆਂ ਮੀਟਿੰਗਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਪਾਬੰਦੀ ਲਾਈ। ਪਰ ਫਿਰ ਭੀ ਦੱਖਣੀ ਅਫਰੀਕਾ ਦੇ ਸੈਂਕੜੇ ਪਿੰਡਾਂ, ਗਿਰਜਿਆਂ, ਸਕੂਲਾਂ ਅਤੇ ਘਰਾਂ ਵਿਚ ਮਨਾਇਆ ਗਿਆ।

ਨੈਲਸਨ ਮੰਡੇਲਾ ਪਿਛਲੇ 26 ਸਾਲ ਤੋਂ ਪੋਲਜ਼ਮੋਰ ਜੇਲ੍ਹ ਵਿਚ ਇਸ ਲਈ ਬੰਦ ਹੈ ਕਿ ਉਹ ਦੱਖਣੀ ਅਫਰੀਕਾ ਦੀ ਫਾਸ਼ੀ ਤੇ ਨਸਲਵਾਦੀ ਸਰਕਾਰ ਤੋਂ ਆਪਣੇ ਦੇਸ਼ — ਦੱਖਣੀ ਅਫਰੀਕਾ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਹੈ ਤਾਂ ਕਿ ਲੋਕ ਆਪਣੀ ਹੋਂਦ, ਆਪਣੇ ਹੱਕ, ਆਜ਼ਾਦੀ ਮਾਣ ਸਕਣ ਅਤੇ ਅਜੋਕੀ ਗੈਰ ਮਨੁੱਖ ਹਕੂਮਤ ਦਾ ਭੋਗ ਪਾਇਆ ਜਾ ਸਕੇ। ਉਹ ਜਮਹੂਰੀ, ਆਜ਼ਾਦ ਅਤੇ ਲੁੱਟ ਖਸੁੱਟ ਤੇ ਵਿਤਕਰੇ ਰਹਿਤ ਸਮਾਜ ਉਸਾਰਨਾ ਚਾਹੁੰਦਾ ਹੈ ਅਤੇ ਇਸ ਗੱਲ ਦਾ ਚਿਨ੍ਹ ਹੈ। ਉਹ ਦੱਖਣੀ ਅਫਰੀਕਾ ਦੇ ਅਸਲੀ ਵਸਨੀਕਾਂ ਤੇ ਮਾਲਕਾਂ ਦਾ ਗਾਈਡ ਅਤੇ ਚਾਨਣ ਮੁਨਾਰਾ ਹੈ ਜੋ ਬਹੁਤ ਹੀ ਸ਼ਦਿੱਤ ਨਾਲ ਆਜ਼ਾਦੀ ਲਈ ਲੜੀ ਜਾ ਰਹੀ ਲੜਾਈ ਨੂੰ ਹੌਂਸਲਾ ਤੇ ਚੜ੍ਹਦੀ ਕਲਾ ਪ੍ਰਦਾਨ ਕਰਦਾ ਹੈ। ਉਸ ਦਾ ਵਿਸ਼ਵਾਸ਼ ਹੈ ਕਿ ਦੱਖਣੀ ਅਫਰੀਕਾ ਦੀ ਹਿੰਸਕ ਤੇ ਫਾਸ਼ੀ ਸਰਕਾਰ ਨੂੰ ਹਾਰ ਦੇਣ ਲਈ ਹਰ ਸੰਭਵ ਢੰਗ ਅਪਨਾਉਣਾ ਜ਼ਰੂਰੀ ਹੈ।

ਲੱਖਾਂ ਅਫਰੀਕੀ ਲੋਕ ਜੇਲ੍ਹਾਂ ਵਿਚ ਹਨ ਅਤੇ ਇਥੋਂ ਤੱਕ ਕਿ 14 ਸਾਲ ਦੀ ਉਮਰ ਤੋਂ ਥੱਲੇ ਦੇ ਸੈਂਕੜੇ ਹੀ ਬੱਚੇ ਜੇਲ੍ਹਾਂ ਵਿਚ ਬੰਦ ਹਨ। ਅਫਰੀਕੀ ਲੋਕਾਂ ਨੂੰ ਤਾਂ ਇਨਸਾਨ ਹੀ ਨਹੀਂ ਸਮਝਿਆ ਜਾਂਦਾ।

ਪਰ ਅਫਰੀਕੀ ਲੋਕਾਂ ਦੀ ਆਜ਼ਾਦੀ ਲਹਿਰ ਅਗੇ ਵਧਦੀ ਜਾ ਰਹੀ ਹੈ ਅਤੇ ਦੁਨੀਆਂ ਦੇ ਲੋਕਾਂ ਦੀ ਆਵਾਜ਼ ਭੀ ਉਹਨਾਂ ਦੇ ਹੱਕ ਵਿਚ ਉਠ ਰਹੀ ਹੈ। ਭਾਵੇਂ ਕਿ ਸਾਮਰਾਜ ਦੇ ਆਗੂ ਅਮਰੀਕੀ ਪ੍ਰਧਾਨ ਰੇਗਨ ਅਤੇ ਬ੍ਰਤਾਨੀਆ ਦੀ ਅਤਿ ਪਿਛੇਖਿਚੂ ਪ੍ਰਧਾਨ ਮੰਤਰੀ ਥੈਚਰ ਆਦਿ ਫਾਸ਼ੀ ਦੱਖਣੀ ਅਫਰੀਕੀ ਸਰਕਾਰ ਦਾ ਸਮਰਥਨ ਕਰਦੇ ਹਨ ਪਰ ਦੁਨੀਆਂ ਦੇ ਜਮਹੂਰੀਅਤ ਪਸੰਦ ਲੋਕਾਂ ਦੀ ਆਵਾਜ਼ ਨੈਲਸਨ ਮੰਡੇਲਾ ਅਤੇ ਦੱ: ਅਫਰੀਕੀ ਲੋਕਾਂ ਦੇ ਆਜ਼ਾਦੀ ਸੰਗਰਾਮ ਨਾਲ ਹੈ। ਕਨੇਡਾ ਦੇ ਪ੍ਰਧਾਨ ਮੰਤਰੀ ਮਲਰੂਨੀ ਵਲੋਂ ਉਸ ਦੇ ਜਨਮ ਦਿਨ ਤੇ ਸ਼ੁਭ ਇਛਾਵਾਂ ਭੇਜਣਾ ਭੀ ਸੰਕੇਤ ਹੈ ਕਿ ਦੱਖਣੀ ਅਫਰੀਕਾ ਦੇ ਘੁਲਾਟੀਆਂ ਦੀ ਜਦੋ ਜਹਿਦ ਦੇਸ਼ ਦੇ ਅੰਦਰ ਤੇ ਬਾਹਰ ਭੀ ਅੱਗੇ ਵਧ ਰਹੀ ਹੈ।

ਅੱਜ ਟਰੇਡ ਯੂਨੀਅਨ ਫਰੰਟ ਤੋਂ ਲੈ ਕੇ ਆਮ ਰੋਜ਼ਾਨਾ ਜੀਵਨ ਦੇ ਹਰ ਫਰੰਟ ਤੇ ਜੰਗ ਜਾਰੀ ਹੈ ਅਤੇ ਫਾਸ਼ੀ ਸਰਕਾਰ ਦੇ ਹਰ ਮਾਰੂ ਕਾਨੂੰਨ ਵਿਰੁਧ ਲੜਾਈ ਚਾਲੂ ਅਤੇ ਇਹ ਉਨੀ ਦੇਰੀ ਤਕ ਚਾਲੂ ਰਹੇਗੀ ਜਿੰਨੀ ਦੇਰ ਤੱਕ ਨੈਲਸਨ ਮੰਡੇਲਾ, ਅਫਰੀਕਨ ਨੈਸ਼ਨਲ ਕਾਂਗਰਸ ਅਤੇ ਦੱਖਣੀ ਅਫਰੀਕੀ ਲੋਕਾਂ ਦਾ ਪੂਰਨ ਆਜ਼ਾਦੀ ਦਾ ਮੰਤਵ ਪੂਰਾ ਨਹੀਂ ਹੋ ਜਾਂਦਾ ਅਤੇ ਨੈਲਸਨ ਮੰਡੇਲਾ ਇਸ ਆਜ਼ਾਦੀ ਲਈ ਲੜਾਈ ਦਾ ਚਿਨ੍ਹ ਅਤੇ ਚਾਨਣ ਮੁਨਾਰਾ ਹੈ। ਅਤੇ ਅਫਰੀਕਨ ਨੈਸ਼ਨਲ ਕਾਂਗਰਸ ਇਸ ਜਦੋ ਜਹਿਦ ਦੀ ਅਗਵਾਈ ਕਰ ਰਹੀ ਹੈ ਜੋ ਕਾਲੇ ਗੋਰੇ ਲੋਕਾਂ ਦੀ ਬਰਾਬਰੀ ਅਤੇ ਜਮਹੂਰੀ ਆਧਾਰ ਤੇ ਨਵੇਂ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੀ ਹੈ।

# ਅਮਰੀਕਾ ਦਾ ਤੀਜਾ ਕਾਤਲਾਨਾ ਹਮਲਾ

ਅਮਰੀਕੀ ਸਾਮਰਾਜ ਆਪਣੇ ਨੀਚ ਮਨੋਰਥਾਂ ਦੀ ਪ੍ਰਾਪਤੀ ਲਈ ਮਨੁੱਖੀ ਜਾਨਾਂ ਦੀ ਬਲੀ ਦੇਣ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦਾ। ਉਹ ਆਪਣੇ ਜੰਗੀ ਮਨਸੂਬਿਆਂ ਨੂੰ ਸਦਾ ਅਗੇ ਰਖਦਾ ਹੋਇਆ, ਸੰਸਾਰ ਅਮਨ ਨੂੰ ਲਾਂਬੂ ਲਾਉਣ ਲਈ ਆਪਣੇ ਆਪ ਨੂੰ ਛੁਪਾ ਨਹੀਂ ਸਕਦਾ। ਇਸੇ ਲਈ ਅੱਜ ਦੇ ਸਮੇਂ ਵਿਚ ਇਹ ਇਨਸਾਨੀਅਤ ਦਾ ਇਕ-ਨੰਬਰ ਦੁਸ਼ਮਣ ਹੈ।

ਅਮਰੀਕੀ ਸਾਮਰਾਜੀਆਂ ਦੀਆਂ ਦੋ ਖਤਰਨਾਕ ਜਥੇਬੰਦੀਆਂ — ਪੈਂਟਾਗਨ (ਫੌਜੀ ਹੈਡ ਕੁਆਟਰ) ਅਤੇ ਸੂਹੀਆ ਜਥੇਬੰਦੀ ਸੀ ਆਈ ਏ ਨੇ 1983 ਵਿਚ ਕੋਰੀਅਨ ਮੁਸਾਫਰ ਜਹਾਜ਼ 007 ਨੂੰ ਆਪਣੇ ਨੀਚ ਮਨੋਰਥਾਂ ਲਈ ਵਰਤ ਕੇ, ਸੋਵੀਅਤ ਯੂਨੀਅਨ ਦੇ 5000 ਕਿਲੋਮੀਟਰ ਅੰਦਰ ਭੇਜ ਕੇ, ਫੌਜੀ ਟਿਕਾਣਿਆਂ ਦਾ ਪਤਾ ਲਾਉਣ ਦਾ ਯਤਨ ਕੀਤਾ। ਸੋਵੀਅਤ ਦੇ ਵਲੋਂ ਹਰ ਯਤਨ ਕਰਨ ਉਪਰ ਵੀ ਉਸ ਜਹਾਜ਼ ਨੇ ਨਾ ਤਾਂ ਜਹਾਜ਼ ਨੂੰ ਉਤਾਰਿਆ, ਨਾ ਹੀ ਸੋਵੀਅਤ ਜਹਾਜ਼ਾਂ ਦੀ ਅਗਵਾਈ ਵਿਚ ਠੀਕ ਰਾਹ ਤੇ ਪੈਣ ਦਾ ਯਤਨ ਕੀਤਾ। ਕੋਰੀਅਨ ਜਹਾਜ਼ ਵਿਚ ਲੱਗੇ, ਅਤੀ ਸੁਫਿਸਟੀਕੇਟਿਡ ਕੈਮਰਿਆਂ, ਸੋਵੀਅਤ ਫੌਜੀ ਟਿਕਾਣਿਆਂ ਦੇ ਫੋਟੋ ਲਏ। ਜਿਸ ਦਾ ਸਿਟਾ ਸੋਵੀਅਤ ਹਵਾਈ ਸੈਨਾ ਵਲੋਂ ਉਸ ਜਹਾਜ਼ ਨੂੰ ਨਿਸ਼ਾਨਾ ਬਣਾਉਣ ਦਾ ਨਿਕਲਿਆ। ਜਿਸ ਵਿਚ ਢਾਈ ਸੌ ਦੇ ਕਰੀਬ ਬੇਗੁਨਾਹਾਂ ਦੀਆਂ ਜਾਨਾਂ ਗਈਆਂ। ਇਨ੍ਹਾਂ ਬੇਗੁਨਾਹਾਂ ਦੀਆਂ ਜਾਨਾਂ ਦੀ ਜ਼ਿਮੇਂਵਾਰੀ ਅਮਰੀਕਨ ਸਰਕਾਰ ਸਿਰ, ਸੰਸਾਰ ਨੇ ਪਾਈ। ਭਾਵੇਂ ਕਿ ਅਮਰੀਕਨ ਅਤੇ ਉਸ ਦੇ ਫੌਜੀ-ਜੋਟੀਦਾਰ ਸਰਮਾਏਦਾਰ ਦੇਸ਼, ਇਸ ਲਈ ਸੋਵੀਅਤ ਯੂਨੀਅਨ ਉਪਰ ਇਲਜ਼ਾਮ ਲਾ ਰਹੇ ਸਨ। ਪ੍ਰੰਤੂ ਛੇਤੀ ਹੀ ਇਸ ਗੱਲ ਦਾ ਨਿਤਾਰਾ ਹੋ ਗਿਆ ਕਿ ਇਸ ਦੀ ਜ਼ਿਮੇਂਵਾਰੀ ਅਮਰੀਕਨ ਸੀ. ਆਈ. ਏ. ਸਿਰ ਹੀ ਆਉਂਦੀ ਹੈ।

1985 ਵਿਚ ਇਕ ਭਾਰਤੀ ਹਵਾਈ ਜਹਾਜ਼ ਨੂੰ ਆਇਰਲੈਂਡ ਦੇ ਲਾਗੇ, ਉਡਾਇਆ ਗਿਆ, ਜਿਸ ਵਿਚ ਕਿਹਾ ਜਾਂਦਾ ਹੈ ਕਿ ਅਮਰੀਕਨ ਸਾਮਰਾਜ ਦੇ ਖਾਲਿਸਤਾਨੀ-ਏਜੰਟਾਂ ਨੇ ਬੰਬ ਰੱਖਿਆ ਸੀ। ਭਾਵੇਂ ਕਿ ਹਾਲੇ ਤੱਕ ਕਿਸੇ ਵਿਅਕਤੀ ਨੂੰ ਇਸ ਸੰਬੰਧ ਵਿਚ ਸਜ਼ਾ ਨਹੀਂ ਦਿਤੀ ਜਾ ਸਕੀ। ਪਰ 329 ਬੇਗੁਨਾਹ, ਬੱਚੇ, ਔਰਤਾਂ ਅਤੇ ਬਜ਼ੁਰਗਾਂ, ਪਰਵਾਰਾਂ ਦੇ ਪਰਵਾਰ ਸਦਾ ਲਈ ਖਤਮ ਕਰ ਦਿੱਤੇ। ਇਥੇ ਕੈਨੇਡੀਅਨ ਪੁਲੀਸ ਅਤੇ ਖੁਫੀਆ ਏਜੰਸੀ "ਸੀਸਸ" ਦੀ ਨਾਅਹਿਲੀਅਤ ਵੀ ਜ਼ਾਹਰ ਹੁੰਦੀ ਹੈ ਜੋ ਦੋਸ਼ੀਆਂ ਨੂੰ ਫੜਨ ਵਿਚ ਅਜੇ ਤਕ ਅਸਫਲ ਰਹੀ ਹੈ। ਪ੍ਰੰਤੂ ਇਨ੍ਹਾਂ 329 ਬੇਗੁਨਾਹ ਲੋਕਾਂ ਦੇ ਕਤਲ ਦੀ ਅਸਲ ਜ਼ਿਮੇਂਵਾਰੀ, ਖਾਲਿਸਤਾਨੀ-ਵੱਖਵਾਦੀਆਂ-ਦਹਿਸ਼ਤਪਸੰਦਾਂ ਅਤੇ ਉਨ੍ਹਾਂ ਦੀ ਸਰਗਨਾ ਅਮਰੀਕੀ ਖੁਫੀਆ ਏਜੰਸੀ ਸੀ. ਆਈ. ਏ. ਜ਼ਿੰਮੇਂ ਹੀ ਆਉਂਦੀ ਹੈ।

ਲੰਘੇ ਮਹੀਨੇ ਅਮਰੀਕੀ ਫੌਜੀ ਨੇਵੀ ਨੇ ਈਰਾਨ ਦੇ ਇਕ ਮੁਸਾਫਰ ਜਹਾਜ਼ ਨੂੰ ਮਾਰ ਡੇਗਿਆਂ, ਜਿਸ ਵਿਚ 290 ਲੋਕ ਸਨ। ਇਨ੍ਹਾਂ ਵਿਚ 252 ਈਰਾਨੀ, 10 ਭਾਰਤੀ, ਇਕ ਪਾਕਿਸਤਾਨੀ ਅਤੇ ਬਾਕੀ 27 ਹੋਰਨਾਂ ਦੇਸ਼ਾਂ ਦੇ ਸਨ। ਹੁਣ

ਅਮਰੀਕਾ ਕੋਈ ਬਹਾਨਾ ਬਣਾ ਕੇ ਜ਼ਿਮੇਂਵਾਰੀ ਤੋਂ ਭੱਜ ਨਹੀਂ ਸਕਦਾ। ਇਹ ਕਿੱਡੀ ਢੀਠਤਾਈ ਹੈ ਕਿ ਜਦੋਂ ਅਮਰੀਕਨ ਪ੍ਰਧਾਨ ਰੇਗਨ ਕਹਿੰਦਾ ਹੈ ਕਿ ਉਨ੍ਹਾਂ ਨੂੰ ਦੁੱਖ ਹੈ ਕਿ ਇਹ ਐਕਸੀਡੈਂਟ ਹੋ ਗਿਆ ਹੈ ਪ੍ਰੰਤੂ ਇਸ ਵਿਚ ਅਮਰੀਕਾ ਦਾ ਕੋਈ ਕਸੂਰ ਨਹੀਂ ਹੈ, ਉਨ੍ਹਾਂ ਦੀ ਨੇਵੀ ਦੇ ਫੌਜੀ ਜਹਾਜ਼ ਦੇ ਇਨਚਾਰਜ ਨੇ ਜੋ ਕੀਤਾ ਹੈ ਉਹ ਦਰੁਸਤ ਕੀਤਾ ਹੈ।

ਗਲਤੀ ਅਤੇ ਦਰੁਸਤੀ, ਦੋਵੇਂ ਇਕ ਸਮੇਂ ਕਿਵੇਂ ਹੋ ਸਕਦੀਆਂ ਹਨ। 290 ਬੇਗੁਨਾਹ ਮੁਸਾਫਰਾਂ ਦੀਆਂ ਜਾਨਾਂ ਦਾ ਅਜਾਈਂ ਘੱਟੇ ਰਲਣਾ, ਜਿਨ੍ਹਾਂ ਵਿਚ 60 ਬੱਚੇ ਵੀ ਸਨ। ਕਿਵੇਂ 290 ਮੁਸਾਫਰਾਂ ਦਾ ਕਤਲ ਕਰਕੇ ਵੀ ਕੋਈ ਬੇਕਸੂਰ ਹੋ ਸਕਦਾ ਹੈ। ਅਮਰੀਕੀ ਸਰਕਾਰ ਵਲੋਂ ਮਾਰੇ ਗਏ ਮੁਸਾਫਰਾਂ ਦੇ ਲਈ ਇਵਜ਼ਾਨਾ ਦੇਣ ਦਾ ਐਲਾਨ ਕਰਨਾ, ਅਸਲ ਵਿਚ ਆਪਣੇ ਕਸੂਰ ਨੂੰ ਮੰਨਣਾ ਹੈ। ਇਹ ਕਸੂਰ ਕਿਸੇ ਇਕ ਵਿਅਕਤੀ ਦਾ ਜਾਂ ਉਸ ਸਮੁੰਦਰੀ ਜਹਾਜ਼ ਦੇ ਕੰਪਿਊਟਰ ਦਾ ਨਹੀਂ ਹੈ ਇਹ ਤਾਂ ਅਮਰੀਕਾ ਦੀ ਉਸ ਜੰਗੀ ਬਦੇਸ਼ ਨੀਤੀ ਹੈ ਜਿਸ ਦੇ ਕਾਰਨ ਅਮਰੀਕੀ ਜੰਗੀ ਜਹਾਜ਼ ਫਾਰਸ ਦੀ ਖਾੜੀ ਵਿਚ ਪੁਲਸੀਏ ਦਾ ਰੋਲ ਕਰਨ ਪੁਜੇ ਹੋਏ ਹਨ। ਅੱਜ ਸੰਸਾਰ ਇਹ ਮੰਗ ਕਰ ਰਿਹਾ ਹੈ ਕਿ ਅਮਰੀਕਾ ਉਥੋਂ ਆਪਣੇ ਜੰਗੀ ਬੇੜੇ ਨੂੰ ਬਾਹਰ ਕੱਢੇ।

ਸੰਸਾਰ ਦਾ ਕਿਹੜਾ ਅਜਿਹਾ ਹਿੱਸਾ ਹੈ ਜਿਸ ਬਾਰੇ ਅਮਰੀਕਾ ਇਹ ਨਾ ਕਹਿੰਦਾ ਹੋਵੇ ਕਿ ਉਸ ਦੇ ਉਸ ਹਿੱਸੇ ਵਿਚ ਵਿਸ਼ੇਸ਼ ਹਿਤ ਨਹੀਂ ਹਨ। ਇਹ ਸੰਸਾਰ ਉਪਰ ਗਲਬੇ ਦੀ ਸਾਮਰਾਜੀ ਨੀਤੀ ਹੈ। ਅਮਰੀਕੀ ਸਾਮਰਾਜ ਇਹ ਸਮਝਦਾ ਹੈ ਕਿ ਉਸ ਨੂੰ ਸੰਸਾਰ ਭਰ ਉਪਰ ਕਿਸੇ ਵੀ ਥਾਂ ਕੁਝ ਵੀ ਆਪ ਹੁਦਰਾ ਕਰਨ ਦਾ ਪੂਰਨ ਅਧਿਕਾਰ ਹੈ। ਇਹ ਭਾਵੇਂ ਵੀਅਤਨਾਮ ਹੋਵੇ ਭਾਵੇਂ ਕੋਰੀਆ, ਅਫਗਾਨਸਤਾਨ ਹੋਵੇ ਜਾਂ ਅੰਗਲੋ ਜਾਂ ਨਿਕਾਰਗੋਆ ਇਹ ਭਾਵੇਂ ਲਿਬੀਆ ਹੋਵੇ ਕਿ ਇਹ ਜਾ ਕੇ ਸ਼ਹਿਰਾਂ ਉਪਰ ਬੰਬਾਰੀ ਕਰ ਦੇਵੇ। ਇਹ ਚਾਹੇ ਲਿਬਨਾਨ ਹੋਵੇ ਜਿਥੇ ਇਸ ਦਾ ਹੱਥ ਠੋਕਾ ਅਸਰਾਈਲ ਘੁਮੰਡੀ ਵੈਲੀਆਂ ਵਾਲੀ ਗੁੰਡਾਗਰਦੀ ਜਾਰੀ ਰੱਖ ਰਿਹਾ ਹੈ। ਫਲਸਤੀਨੀ ਲੋਕਾਂ ਦਾ ਲਹੂ ਵਹਾ ਰਿਹਾ ਹੈ।

ਅਖੌਤੀ ਮਨੁੱਖੀ ਹੱਕਾਂ ਦਾ ਅਲੰਬਰਦਾਰ ਅਮਰੀਕਾ ਇਹੋ ਹੀ ਨਹੀਂ ਕਿ ਦੱਖਣੀ ਅਫਰੀਕਾ ਦੇ ਲਈ ਢਾਈ ਕਰੋੜ ਕਾਲੇ ਰੰਗ ਦੇ ਲੋਕਾਂ ਉਪਰ ਨਸਲਵਾਦੀ ਬੋਥਾ ਸਰਕਾਰ ਦਾ ਸਮਰਥਨ ਕਰ ਰਿਹਾ ਹੈ, ਉਹ ਮਨੁਖੀ ਜਾਨਾਂ ਨਾਲ ਖੇਲਕੇ ਆਪਣੀ ਗੈਰਮਨੁੱਖੀ ਹੈਂਕੜ ਨਾਲ ਸੰਸਾਰ ਉਪਰ ਧੌਂਸ ਕਾਇਮ ਰੱਖਣਾ ਚਾਹੁੰਦਾ ਹੈ।

ਅਸੀਂ ਈਰਾਨੀ ਮੁਸਾਫਰ ਜਹਾਜ਼ ਉਪਰ ਨਿਰਦਾਇਤਾਪੂਰਨ ਹਮਲੇ ਲਈ ਅਮਰੀਕਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ !!!

# ਗੋਰਖਾ ਸਮੱਸਿਆ ਦਾ ਨਿਪਟਾਰਾ

ਪੰਜਾਬ ਵਾਂਗੂ, ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲੇ ਵਿਚ ਗੋਰਖਾ-ਵੱਖਵਾਦੀਆਂ ਨੇ ਵੱਖਰੇ ਗੋਰਖਾਲੈਂਡ ਦੀ ਮੰਗ ਲਈ ਹਿੰਸਕ ਰਾਹ ਅਖਤਿਆਰ ਕੀਤਾ ਹੋਇਆ ਸੀ। ਭਾਰਤ ਦੀਆਂ ਹੋਰਨਾਂ, ਵੱਖਵਾਦੀਆਂ ਅਤੇ ਫਿਰਕੂਆਂ ਦੀ ਜਿਥੇ ਮੁਢਲੀ ਹੌਂਸਲਾ ਅਫਜ਼ਾਈ, ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਆਰੰਭ ਕੀਤੀ ਜਾਂਦੀ ਰਹੀ ਹੈ, ਉਥੇ ਉਸ ਦਾ ਅੰਤ ਸਾਮਰਾਜੀ ਏਜੰਸੀਆਂ ਦੇ ਹੱਥੀਂ ਚੜ੍ਹਨ ਵਿਚ ਨਿਕਲਿਆ ਹੈ। ਪੰਜਾਬ ਇਸ ਦੀ ਉਘੜਵੀਂ ਮਿਸਾਲ ਹੈ।

'ਗੋਰਖਾਲੈਂਡ' ਦੀ ਵੱਖਵਾਦੀ ਮੰਗ, ਉਨ੍ਹਾਂ ਗੋਰਖਿਆਂ ਵਲੋਂ ਸ਼ੁਰੂ ਕੀਤੀ ਗਈ ਸੀ ਜੋ ਨਿਪਾਲ ਤੋਂ ਆ ਕੇ ਉਥੇ ਵਸੇ ਹੋਏ ਸਨ। ਉਨ੍ਹਾਂ ਦੀਆਂ ਮੰਗਾਂ ਉਨ੍ਹਾਂ ਦੀ ਬੋਲੀ ਅਤੇ ਸਭਿਆਚਾਰ ਨਾਲ ਸੰਬੰਧਿਤ ਸਨ, ਜਿਸ ਦਾ ਹੱਲ ਭਾਰਤੀ ਵਿਧਾਨ ਦੇ ਅੱਠਵੇਂ ਸੈਡੀਊਲ ਦੇ ਅੰਦਰ ਲੱਭਿਆ ਜਾ ਸਕਦਾ ਸੀ।

ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਨੇ ਗੋਰਖਿਆਂ ਦੀਆਂ ਮੰਗਾਂ ਦੇ ਇਸ ਵਿਧਾਨਿਕ ਹੱਲ ਲਈ, ਉਨ੍ਹਾਂ ਦੀ ਜਥੇਬੰਦੀ ਅਤੇ ਕੇਂਦਰ ਸਰਕਾਰ ਨੂੰ ਵਾਰ ਵਾਰ ਕਿਹਾ ਕਿ ਅਠਵੇਂ ਸ਼ਡੀਊਲ ਦੇ ਅੰਦਰ ਵਿਸ਼ੇਸ਼ ਜ਼ਿਲਾ ਕੌਂਸਲ ਬਣਾ ਕੇ ਗੋਰਖਿਆਂ ਨੂੰ ਅੰਦਰੂਨੀ ਰਾਜ ਪ੍ਰਬੰਧ ਦੀ ਖੁਦਮੁਖਤਿਆਰੀ ਦਿੱਤੀ ਜਾਵੇ। ਉਨ੍ਹਾਂ ਦੀ ਭਾਸ਼ਾ ਦੀ ਜ਼ਿਲੇ ਵਿਚ ਵਰਤੋਂ, ਪੜ੍ਹਾਈ ਆਦਿ ਦਾ ਪ੍ਰਬੰਧ ਕੀਤਾ ਜਾਵੇ। ਅਸਲ ਵਿਚ ਕੇਂਦਰੀ ਸਰਕਾਰ ਗੋਰਖਾਲੈਂਡੀਆਂ ਦੀ ਗੁੰਡਾਗਰਦੀ ਅਤੇ ਕਤਲੋਗਾਰਤ ਨੂੰ ਬਹਾਨਾ ਬਣਾ ਕੇ ਪੱਛਮੀ ਬੰਗਾਲ ਦੀ ਮਾਰਕਸੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੂੰ ਤੋੜਨਾ ਚਾਹੁੰਦੀ ਸੀ। ਪ੍ਰੰਤੂ ਖਬੇ ਮੋਰਚੇ ਦੀ ਸਰਕਾਰ ਦੀ ਚੇਤੰਨਤਾ ਅਤੇ ਲੋਕਾਂ ਦੀ ਲਾਮਬੰਦੀ ਦੀ ਸ਼ਕਤੀ ਅਗੇ ਵੱਖਵਾਦੀ ਗੋਰਖਾਲੈਂਡੀਆਂ ਅਤੇ ਕੇਂਦਰੀ ਸਰਕਾਰ ਨੂੰ ਮਜਬੂਰ ਹੋਣਾ ਪਿਆ ਕਿ ਉਹ ਪ: ਬੰਗਾਲ ਸਰਕਾਰ ਵਲੋਂ ਪੇਸ਼ ਕੀਤੇ ਹੱਲ ਨੂੰ ਪਰਵਾਨ ਕਰਨ।

ਗੋਰਖਾਲੈਂਡੀਆਂ ਨੇ ਦਾਰਜੀਲਿੰਗ ਜ਼ਿਲੇ ਵਿਚ ਮਾਰਕਸੀ ਕਮਿਊਨਿਸਟ ਵਰਕਰਾਂ ਦੇ ਸੈਂਕੜੇ ਕਤਲ ਕੀਤੇ। ਉਨ੍ਹਾਂ ਦੇ ਘਰਾਂ ਨੂੰ ਪਰਵਾਰਾਂ ਸਮੇਤ ਅੱਗਾਂ ਲਾ ਕੇ ਸਾੜਿਆ ਪ੍ਰੰਤੂ ਕਮਿਊਨਿਸਟਾਂ ਨੇ ਆਮ ਲੋਕਾਂ ਨੂੰ ਇਸ ਲੋਕ ਵਿਰੋਧੀ ਲਹਿਰ ਦੇ ਵਿਰੁਧ ਤਕੜੇ ਹੋ ਕੇ ਖੜ੍ਹਨ ਦੇ ਸਮਰਥ ਬਣਾ ਦਿੱਤਾ।

ਦਾਰਜੀਲਿੰਗ ਜ਼ਿਲਾ ਸੰਸਾਰ ਭਰ ਵਿਚ ਚਾਹ ਦੇ ਬਾਗਾਂ ਲਈ ਮਸ਼ਹੂਰ ਹੈ, ਉਨ੍ਹਾਂ ਬਾਗਾਂ ਵਿਚ ਕੰਮ ਕਰਨ ਵਾਲੇ ਲੱਖਾਂ ਕਾਮਿਆਂ ਦੀ ਯੂਨੀਅਨ ਦੇ ਆਗੂ ਵੀ ਗੋਰਖਾਲੈਂਡੀਆਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ। ਉਨ੍ਹਾਂ ਚਾਹ-ਬਾਗਾਨ ਕਾਮਿਆਂ ਨੂੰ ਵੀ ਕੰਮ ਤੋਂ ਜਾਣ ਤੋਂ ਰੋਕਿਆ। ਪ੍ਰੰਤੂ ਜਨਤਕ ਲਹਿਰ ਨੇ ਸਾਮਰਾਜੀਆਂ ਅਤੇ ਕੇਂਦਰ ਦੀ ਸ਼ਹਿ ਉਪਰ ਟੇਕ ਦੇ ਪੈਰ ਉਖਾੜ ਦਿਤੇ। ਜਿਸ ਦਾ ਸਿਟਾ ਸਮੱਸਿਆ ਦੇ ਵਾਜਬ ਹੱਲ ਵਿਚ ਨਿਕਲ ਆਇਆ ਹੈ।

ਗੋਰਖਾਲੈਂਡ ਦੀ ਸਮੱਸਿਆ ਦਾ ਪੱਛਮੀ ਬੰਗਾਲ ਸਰਕਾਰ ਵਲੋਂ ਸੁਝਾਏ


## ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

L/R

ਕੇ. ਐਸ.(ਕਾਲ) ਬਾਸੀ

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231



K.S. (KAL) BASSI

ਹੱਲ ਉਪਰ ਹੱਲ ਹੋਣਾ, ਭਾਰਤ ਵਿਚ ਵਖਵਾਦੀਆਂ, ਕੇਂਦਰੀ ਸਰਕਾਰ ਅਤੇ ਸਾਮਰਾਜੀਆਂ ਦੀ ਪਹਿਲੀ ਹਾਰ ਹੈ। ਇਹ ਲੋਕਾਂ ਦੀ ਜਮਹੂਰੀ ਲਹਿਰ ਦੀ ਜਿੱਤ ਹੈ। ਇਹ ਕਮਿਊਨਿਸਟਾਂ ਦੀ ਦਰਿੜਤਾ, ਈਮਾਨਦਾਰੀ ਅਤੇ ਲੋਕ ਹਿਤਾਂ ਵਿਚ ਖੜ੍ਹਨ ਦੀਆਂ ਨੀਤੀਆਂ ਦੀ ਜਿੱਤ ਹੈ। ਭਾਰਤ ਵਿਚ ਅਤੇ ਬਾਹਰ ਬਦੇਸ਼ਾਂ ਵਿਚ ਦੀ ਉਸ ਦੇਸ਼ ਧਰੋਹੀ ਲਹਿਰ ਅਤੇ ਇਸ ਲਹਿਰ ਦੇ ਸਮਰਥਕਾਂ ਦੀ ਲੱਕ ਤੋੜਵੀਂ ਹਾਰ ਵੀ ਹੈ।

ਅਸੀਂ ਇਹ ਆਸ ਰੱਖਦੇ ਹਾਂ ਕਿ ਪੰਜਾਬ ਸਮੱਸਿਆ ਦਾ ਹੱਲ ਵੀ ਏਸੇ ਰੌਸ਼ਨੀ ਵਿਚ ਹੋਣਾ ਚਾਹੀਦਾ ਹੈ। ਪੰਜਾਬ ਵਿਚ ਵੱਖਵਾਦੀਆਂ ਵਿਰੁਧ ਜੋ ਲੜਾਈ, ਆਪਣਾ ਖੂਨ ਡੋਲ੍ਹ ਕੇ ਕਮਿਊਨਿਸਟ ਕਰ ਰਹੇ ਹਨ, ਉਸ ਦੀ ਜਿੱਤ ਵੀ ਜ਼ਰੂਰ ਹੋਵੇਗੀ। ਫਿਰਕੂ ਜਨੂੰਨ ਦੇ ਕਾਲੇ ਬੱਦਲ ਪੰਜਾਬ ਦੇ ਆਕਾਸ਼ ਤੋਂ ਜ਼ਰੂਰ ਦੂਰ ਹੋ ਜਾਣਗੇ। ਪੰਜਾਬੀ ਮੁੜ ਕੇ ਸਦਭਾਵਨਾ ਦੇ ਵਾਤਾਵਰਨ ਵਿਚ ਵਿਚਰ ਸਕਣਗੇ

# ਵਲਾਦੀਮੀਰ-ਮਾਇਆਕੋਵਸਕੀ

## ਅਸੀਂ ਕਮਿਊਨਿਸਟ ਹਾਂ

ਅਸੀਂ ਕਮਿਊਨਿਸਟ ਹਾਂ
ਇਸ ਤਰਾਂ ਦੇ ਕਿ
ਸਾਡੀਆਂ ਜੜ੍ਹਾਂ ਵਰਤਮਾਨ ਵਿਚ ਹਨ
ਪਰ ਤੱਕਦੇ ਅਸੀਂ
ਆਉਣ ਵਾਲੀ ਕਲ੍ਹ ਦੀ ਹੱਦ ਤੋਂ ਪਰੇ ਹਾਂ
ਤੇ ਇਸ ਨੂੰ ਫੜ ਕੇ ਨਾਲ ਲੈ ਤੁਰਦੇ ਹਾਂ।
ਅਸੀਂ ਕਮਿਊਨਿਸਟ ਹਾਂ
ਇਸ ਤਰਾਂ ਦੇ ਕਿ ਅਸੀਂ ਆਪਣੇ
ਵਰਗ ਦੀ ਧੜਕਣ ਸੁਣ,
ਤਰੇੜ ਮਿਟਾ
ਇੱਕੋ ਹੇਕ ਵਿਚ ਗਾਉਂਦੇ ਤੁਰ ਪੈਂਦੇ ਹਾਂ।
ਅਸੀਂ ਕਮਿਊਨਿਸਟ ਹਾਂ
ਇਸ ਤਰਾਂ ਦੇ ਕਿ ਸਹਿਜ ਨਾਲ ਰਾਹ ਬਦਲ ਕੇ
ਆਉਂਦੇ ਝੱਖੜ ਦੀ ਗੂੰਜ ਸੁਣ ਲੈਂਦੇ ਹਾਂ
ਪਰ ਪਿਛੇ ਨਹੀਂ ਮੁੜਦੇ।
ਅਸੀਂ ਕਮਿਊਨਿਸਟ ਹਾਂ
ਇਸ ਤਰਾਂ ਦੇ ਕਿ
ਨਫਾ, ਨੁਕਸਾਨ ਪਰਖਦੇ,
ਪਿਛੇ ਹਟਾਂਗੇ, ਪੈਰ ਅੜਾਵਾਂਗੇ
ਤੇ ਫਿਰ ਸਿੱਧੇ ਮੂੰਹ ਹੱਲਾ ਬੋਲ ਦਿਆਂਗੇ।

# ਦੇਸ਼-ਭਗਤੀ ਅਤੇ ਦੇਸ਼-ਧਰੋਹ

**ਸੂਫ਼ੀ ਅਮਰਜੀਤ**

15 ਅਗਸਤ ਭਾਰਤ ਦੀ ਰਾਜਸੀ ਆਜ਼ਾਦੀ ਦਾ, ਸਿਰਫ ਰਾਜਸੀ ਆਜ਼ਾਦੀ ਦਾ, ਕੌਮੀ ਦਿਨ ਹੈ। ਇਹ ਲੋਕਾਂ ਲਈ ਆਰਥਿਕ ਆਜ਼ਾਦੀ ਦੀਆਂ ਸੰਭਾਵਨਾਵਾਂ ਲੈ ਕੇ ਆਇਆ ਸੀ, ਜੋ ਅਸਲ ਵਿਚ ਸਾਕਾਰ ਨਹੀਂ ਹੋ ਸਕੀਆਂ। ਸੰਭਾਵਨਾਵਾਂ, ਜਿਨ੍ਹਾਂ ਨੂੰ ਯਕੀਨੀ ਬਣਾਉਣ ਲਈ, ਲੱਖਾਂ ਦੇਸ਼ ਭਗਤਾਂ ਨੇ ਬਰਤਾਨਵੀ ਸਾਮਰਾਜ ਵਿਰੁੱਧ ਜਲਸੇ ਜਲੂਸਾਂ ਵਿਚ ਭਾਗ ਲੈਣ ਤੋਂ ਲੈ ਕੇ, ਪੁਲਸ ਦੀਆਂ ਡਾਂਗਾਂ ਖਾਧੀਆਂ, ਸਾਮਾਨ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਕਰਵਾਈਆਂ, ਸਾਲਾਂ ਤੋਂ ਲੈ ਕੇ ਉਮਰ ਕੈਦਾਂ ਕੱਟੀਆਂ, ਕਾਲੇ ਪਾਣੀਆਂ ਦੀਆਂ ਡਰਾਉਣੀਆਂ ਲੰਮੀਆਂ ਕੈਦਾਂ ਖਿੜੇ ਮੱਥੇ ਪ੍ਰਵਾਨ ਕਰਕੇ ਝੱਲੀਆਂ ਅਤੇ ਸਭਨਾਂ ਕੁਰਬਾਨੀਆਂ ਦੀ ਸ਼੍ਰੋਮਣੀ ਕੁਰਬਾਨੀ ਜੀਵਨ ਬਲੀਦਾਨ ਕਰਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਨੀਆਂ ਅਸਹਿ ਸਖਤੀਆਂ ਨੂੰ ਜਿਸ ਦਰਿੜਤਾ ਨਾਲ ਝੱਲਿਆ ਉਹ ਸੀ — ਦੇਸ਼ ਭਗਤੀ ਦਾ ਮਹਾਨ ਜਜ਼ਬਾ।

ਦੇਸ਼ ਭਗਤੀ ਦਾ ਇਹ ਮਹਾਨ ਜਜ਼ਬਾ ਦਿਲ-ਦਿਮਾਗ ਉਪਰ ਕਿਉਂ ਹਾਵੀ ਹੋ ਜਾਂਦਾ ਹੈ, ਇਹ ਸਵਾਲ ਆਮ ਕਰਕੇ ਹੀ ਬੜਾ ਘਟ ਵਿਚਾਰਿਆ ਗਿਆ ਹੈ, ਭਾਵੇਂ ਕਿ ਇਹ ਸਾਧਾਰਨ, ਪਰ ਬੜਾ ਹੀ ਭਾਵਪੂਰਤ ਸਵਾਲ ਹੈ।

ਦੇਸ਼ ਭਗਤੀ ਦੇ ਜਜ਼ਬੇ ਦੇ ਸੰਕਲਪ ਬਾਰੇ ਇਥੇ ਅਸੀਂ ਵਿਚਾਰ ਕਰਨੀ ਚਾਹੁੰਦੇ ਹਾਂ। ਕਿਉਂਕਿ ਇਹ ਮਹਾਨ ਜਜ਼ਬਾ ਸਾਰੇ ਸੰਸਾਰ ਉਪਰ ਹੀ ਹਰ ਦੇਸ਼ ਦੇ, ਦੇਸ਼ ਭਗਤਾਂ ਵਿਚ ਲਗਪਗ ਇਕੋ ਹੀ ਵੇਗ ਨਾਲ ਕੰਮ ਕਰਦਾ ਹੈ।

ਦੇਸ਼ ਭਗਤੀ ਦਾ ਜਜ਼ਬਾ, ਉਨ੍ਹਾਂ ਲੋਕਾਂ ਦੇ ਦਿਲ-ਦਿਮਾਗ ਉਪਰ ਰੰਗ ਚਾੜ੍ਹਦਾ ਹੈ, ਜੋ ਲੋਕਾਂ ਦੇ ਜੀਵਨ ਨੂੰ ਹਰ ਪੱਖੋਂ ਸੰਪੰਨ ਦੇਖਣਾ ਲੋਚਦੇ ਹਨ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾਂ ਦੇਖਣਾ ਚਾਹੁੰਦੇ ਹਨ ਕਿਉਂ ਕਿ ਇਹੋ ਹੀ ਗਰੀਬੀ ਦੀ ਮਾਂ ਹੈ। ਸਮਾਜ ਦੇ ਹਰ ਮੈਂਬਰ ਦੀ ਬਿਨਾਂ ਵਿਤਕਰੇ ਬਰਾਬਰਤਾ ਦੇ ਇੱਛਕ ਹੁੰਦੇ ਹਨ। ਦੇਸ਼ ਭਗਤੀ ਦਾ ਸੰਕਲਪ ਅਸਲ ਵਿਚ ਉਚੀਆਂ ਮਨੁੱਖੀ ਕਦਰਾਂ-ਕੀਮਤਾਂ, ਸਚਾਈ, ਇਨਸਾਫ, ਬਰਾਬਰਤਾ, ਪਰਉਪਕਾਰ, ਕੁਰਬਾਨੀ, ਧਰਮ ਨਿਰਪੱਖਤਾ, ਮਿਲਵਰਤਨ, ਸਦਭਾਵਨਾ ਆਦਿ ਦੇ ਉਚੇ ਸੁਚੇ ਮਨੁੱਖੀ ਗੁਣਾਂ ਦੇ ਸਮੁੱਚੇ-ਸੰਗ੍ਰਹਿ ਦਾ ਭਾਵ-ਅਰਥ ਹੈ।

ਅਜਿਹੇ ਮਹਾਨ ਮਨੁੱਖੀ ਜਜ਼ਬੇ ਵਾਲੇ ਦੇਸ਼ ਭਗਤਾਂ ਦੇ ਲੋਕ-ਹਿਤੂ ਅਮਲਾਂ ਦੇ ਵਿਰੁੱਧ ਅਤੇ ਅਜਿਹੇ ਦੇਸ਼-ਭਗਤਾਂ ਦੇ ਦੇਸ਼ ਵਿਰੁਧ, ਜੋ ਵਿਚਾਰ, ਸਾਜ਼ਸ਼ਾਂ ਜਾਂ ਸੁਆਰਥਾਂ ਕਾਰਨ, ਅਮਲ ਵਿਚ ਆਉਂਦੇ ਹਨ ਉਨ੍ਹਾਂ ਨੂੰ ਦੇਸ਼-ਧਰੋਹ ਕਿਹਾ ਜਾਂਦਾ ਹੈ।


**ASHOKA TRADING CO. LTD.**

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**



# ਪੰਜਾਬ ਮਸਲਾ ਲਟਕਾਉਣਾ ਦੇਸ਼ ਦੇ ਹਿੱਤ ਵਿਚ ਨਹੀਂ

*ਹਰਕਿਸ਼ਨ ਸਿੰਘ ਸੁਰਜੀਤ*

-ਪੰਜਾਬ ਦੀ ਦਿਨੋਂ ਦਿਨ ਖਰਾਬ ਹੋ ਰਹੀ ਅਵਸਥਾ ਬਾਰੇ ਚਿੰਤਾ ਪ੍ਰਗਟਾਉਂਦਿਆਂ ਹਿੰਦ ਕਮਿਊ-ਨਿਸਟ ਪਾਰਟੀ (ਮ) ਦੇ ਉਘੇ ਆਗੂ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਜਿਥੇ ਕੇਂਦ੍ਰੀ ਸਰਕਾਰ ਦੀ ਪੰਜਾਬ ਮਸਲਾ ਲਟਕਾਉਣ ਦੀ ਪਾਲਸੀ ਦੀ ਸਖਤ ਨੁਕਤਾਚੀਨੀ ਕੀਤੀ ਹੈ ਉਥੇ ਸਾਰੇ ਹੀ ਅਕਾਲੀ ਗਰੁਪਾਂ ਉਤੇ ਜ਼ੋਰ ਦਿਤਾ ਹੈ ਕਿ ਉਹ ਮਰਹੂਮ ਸੰਤ ਹਰਚੰਦ ਸਿੰਘ ਦੇ ਪਰੋਗਰਾਮ ਅਤੇ ਨੀਤੀਆਂ ਦਵਾਲੇ ਏਕਤਾ ਉਸਾਰਨ ਅਤੇ ਅੱਤਵਾਦ ਵੱਖਵਾਦ ਵਿਰੁਧ ਡਟਵਾਂ ਸਟੈਂਡ ਲੈਣ।

ਸੀ.ਪੀ. ਆਈ (ਐਮ) ਦੇ ਕੇਂਦਰੀ ਬੁਲਾਰੇ 'ਪੀਪਲਜ਼ ਡੈਮੋਕਰੇਸੀ' ਵਿਚ ਲਿਖੇ ਇਕ ਲੇਖ ਵਿਚ ਸੀ. ਪੀ. ਆਈ. (ਐਮ) ਆਗੂ ਨੇ ਪੰਜਾਬ ਸਮਸਿਆ ਦੇ ਵੱਖ ਵੱਖ ਪਹਿਲੂਆਂ ਨੂੰ ਲਿਆ ਹੈ ਅਤੇ ਕਿਹਾ ਹੈ ਕਿ ਪੰਜਾਬ ਮਸਲੇ ਦੇ ਲਟਕਣ ਨਾਲ ਇਸ ਦਾ ਨਾ ਕੇਵਲ ਸੂਬੇ ਦੀ ਸਮਾਜੀ ਆਰਥਕ ਅਤੇ ਸਿਆਸੀ ਜ਼ਿੰਦਗੀ ਉਤੇ ਹੀ ਅਸਰ ਪੈ ਰਿਹਾ ਹੈ ਸਗੋਂ ਦੇਸ ਅਤੇ ਇਸ ਦੀ ਏਕਤਾ ਅਖੰਡਤਾ ਉਤੇ ਵੀ।

ਲੇਖ ਵਿਚ ਅਕਾਲੀ ਪਾਰਟੀ ਦੇ ਵੱਖ ਵੱਖ ਸਮਿਆਂ ਵਿਚ ਰੋਲ ਦਾ ਵੀ ਵਿਸ਼ਲੇਸ਼ਨ ਕੀਤਾ ਗਿਆ ਹੈ ਅਤੇ ਇਹ ਗਲ ਨੋਟ ਕੀਤੀ ਗਈ ਹੈ ਕਿ ਪੰਜਾਬ ਦੇ ਮਸਲੇ ਦੇ ਹੁਣ ਤਕ ਕਿਸੇ ਬੰਨੇ ਨਾ ਲਗਣ ਦੀ ਮੁਖ ਜੁਮੇਵਾਰੀ ਕੇਂਦਰੀ ਸਰ-ਕਾਰ ਦੇ ਸਿਰ ਆਉਂਦੀ ਹੈ।

ਲੇਖ ਵਿਚ ਸਾਥੀ ਸੁਰਜੀਤ ਨੇ ਕਿਹਾ ਹੈ : 'ਜੇ ਪੰਜਾਬ ਸਮਸਿਆ ਦਾ ਹੱਲ ਲਭਿਆ ਜਾਣਾ ਹੈ ਤਾਂ ਪਹਿਲੀ ਅਤੇ ਸਭ ਨਾਲੋਂ ਜ਼ਰੂਰੀ ਗਲ ਇਹ ਹੈ ਕਿ ਜੇ ਅਕਾਲੀ ਪਾਰਟੀ ਨੇ ਆਪਣੀ ਉਚਿਤਤਾ ਕਾਇਮ ਰਖਣੀ ਹੈ ਤਾਂ ਇਸ ਨੂੰ ਆਪਣੀ ਏਕਤਾ ਮੁੜ ਉਸਾਰਨੀ ਚਾਹੀਦੀ ਹੈ ਅਤੇ ਦਹਿਸ਼ਤਵਾਦ ਤੇ ਵੱਖਵਾਦ ਵਿਰੁਧ ਲੜਨ ਲਈ ਇਸ ਨੂੰ ਇਕਮੁਠ ਹੋ ਜਾਣਾ ਚਾਹੀਦਾ ਹੈ, ਇਸ ਨੂੰ ਬਾਕੀ ਪੰਜਾਬੀ ਲੋਕਾਂ ਨਾਲ ਏਕਤਾ ਬਣਾਉਣ ਲਈ ਸੰਤ ਲੌਂਗੋਵਾਲ ਦੇ ਪ੍ਰੋਗਰਾਮ ਅਤੇ ਨੀਤੀਆਂ ਨੂੰ ਅਗੇ ਤੋਰਨਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਉਤੇ ਦਬਾਅ ਪਾਉਣ ਲਈ ਇਕਮੁਠ ਯਤਨ ਕਰਨੇ ਚਾਹੀਦੇ ਹਨ।'

'ਹੁਣ ਤਕ ਅਕਾਲੀਆਂ ਨੂੰ ਇਹ ਸਮਝ ਆ ਚੁਕੀ ਹੋਣੀ ਚਾਹੀਦੀ ਕਿ ਦੇਸ਼ ਵਿਚ ਸਮੁਚੀ ਜਮਹੂਰੀ ਲਹਿਰ ਦੀ ਹਿਮਾ-ਇਤ ਦੇ ਬਗੈਰ ਉਹ ਆਪਣੀ ਕਿਸੇ ਵੀ ਮੰਗ ਨੂੰ ਸਵੀਕਾਰ ਕਰਵਾਉਣ ਵਿਚ ਸਫਲ ਨਹੀਂ ਹੋ ਸਕਦੇ। ਇਸ ਹਿਮਾਇਤ ਦੇ ਬਗੈਰ ਉਹ ਆਪਣੀ ਕਿਸੇ ਵੀ ਮੰਗ ਨੂੰ ਸਵੀਕਾਰ ਕਰਵਾਉਣ ਵਿਚ ਸਫਲ ਨਹੀਂ ਹੋ ਸਕਦੇ। ਇਹ ਹਿਮਾਇਤ ਪ੍ਰਾਪਤ ਕਰਨ ਲਈ ਉਹਨਾਂ ਨੂੰ ਆਪਣਾ ਇਹ ਪ੍ਰਮਾਣ ਸਿੱਧ ਕਰਨਾ ਪਵੇਗਾ ਕਿ ਉਹ ਦਹਿਸ਼ਤ-ਗਰਦਾਂ ਅਤੇ ਵੱਖਵਾਦੀਆਂ ਵਿਰੁਧ ਲੜਾਈ ਵਿਚ ਗੰਭੀਰ ਹਨ ਜਿਹਨਾਂ ਨੇ ਕਿ ਦੇਸ਼ ਦੀ ਦੀ ਏਕਤਾ ਅਤੇ ਅਖੰਡਤਾ ਅਤੇ ਐਸ. ਜੀ. ਪੀ. ਸੀ ਵਰਗੀਆਂ ਸਿੱਖਾਂ ਦੀਆਂ ਸੰਸਥਾਵਾਂ ਨੂੰ ਵਡੀ ਚਣੌਤੀ ਪੇਸ਼ ਕੀਤੀ ਹੋਈ ਹੈ। ਇਹ ਸਿਖ ਸੰਸਥਾਵਾਂ ਇਕ ਲੰਬੇ ਸੰਘਰਸ਼ ਪਿਛੋਂ ਸਥਾਪਿਤ ਹੋਈਆਂ ਸਨ। ਹੁਣ ਪੁਲਿਸ ਦਾਖਲੇ ਨੂੰ ਮਸਲਾ ਬਣਾਉਣ ਦਾ ਕੋਈ ਲਾਭ ਨਹੀਂ ਹੈ ਤੇ ਨਾ ਹੀ ਇਹ ਸਿਧਾਂਤ ਪੇਸ਼ ਕਰਨ ਦਾ ਹੀ ਕੋਈ ਲਾਭ ਹੈ ਕਿ ਸਿਖ ਧਰਮ ਤੇ ਰਾਜਨੀਤੀ ਇਕੱਠੇ ਚਲਣਗੇ। ਇਹ ਇਹਨਾਂ ਨੀਤੀਆਂ ਸਦਕਾ ਹੀ ਹੈ ਕਿ ਅਜ ਅਕਾਲੀ ਲੀਡਰਾਂ ਨੂੰ ਆਪਣੀਆਂ ਜਾਨਾਂ ਦਾ ਵੀ ਖਤਰਾ ਹੈ ਅਤੇ ਹਾਲਾਤ ਏਥੋਂ ਤਕ ਪੁਜ ਚੁਕੇ ਹਨ ਕਿ ਉਹ ਆਪਣੇ ਗੁਰਦੁਆਰਿਆਂ ਵਿਚ ਵੀ ਖੁਲੇਆਮ ਤੇ ਬਿਨਾਂ ਡਰ ਦੀ ਜਾਣ ਦੀ ਸਥਿਤੀ ਵਿਚ ਨਹੀਂ ਹਨ।

ਰਾਜਨੀਤਕ ਪਾਰਟੀਆਂ ਦੇ ਕਾਰਜ ਦਾ ਵਿਸ਼ਲੇਸ਼ਨ ਕਰਦਿਆਂ ਸਾਥੀ ਸੁਰਜੀਤ ਨੇ ਕਿਹਾ : ਕੌਮੀ ਰਾਜਨੀਤਕ ਪਾਰਟੀਆਂ ਨੂੰ ਪੰਜਾਬ ਸਮਸਿਆ ਸਿਰਫ ਪੰਜਾਬੀਆਂ ਦੀ ਹੀ ਸਿਰਦਰਦੀ ਸਮਝਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੀ ਬਜਾਏ ਉਹਨਾਂ ਨੂੰ ਇਸ ਸਮਸਿਆ ਦੇ ਹੱਲ ਨੂੰ ਇਕ ਮਹੱਤਵਪੂਰਨ ਰਾਜਨੀਤਕ ਕਾਰਜ ਵਜੋਂ ਲੈਣਾ ਚਾਹੀਦਾ ਹੈ ਕਿਉਂਕਿ ਦੇਸ਼ ਦਾ ਕਿਸੇ ਇਕ ਪਾਰਟੀ ਜਾਂ ਕਿਸੇ ਇਕ ਵਿਅਕਤੀ ਨਾਲ ਸਬੰਧ ਨਹੀਂ ਹੈ, ਇਸ ਦਾ ਉਹਨਾਂ ਸਾਰੇ ਭਾਰਤੀਆਂ ਨਾਲ ਸਬੰਧ ਹੈ ਜਿਹੜੇ ਏਥੇ ਰਹਿੰਦੇ ਹਨ।

ਸਾਰੀਆਂ ਪਾਰਟੀਆਂ ਨੂੰ ਪੰਜਾਬ ਸਮਝੌਤੇ ਨੂੰ ਅਮਲ ਵਿਚ ਲਿਆਉਣ ਲਈ ਅਤੇ ਸਾਰੀਆਂ ਮੰਗਾਂ ਦਾ ਤਰਕਸ਼ੀਲਤਾ ਤੇ ਆਧਾਰਿਤ ਹੱਲ, ਜਿਹੜਾ ਦੂਸਰੇ ਸੂਬਿਆਂ ਵਿਸ਼ੇਸ਼ ਕਰਕੇ ਹਰਿਆਣੇ ਦੇ ਲੋਕਾਂ ਨੂੰ ਕਿਸੇ ਪਰਕਾਰ ਦੀ ਹਾਨੀ ਪਹੁੰਚਾਏ ਬਗੈਰ ਪੰਜਾਬੀ ਲੋਕਾਂ ਦੀਆਂ ਸਭੀਆਂ ਭਾਵਨਾਵਾਂ ਨੂੰ ਸੰਤੁਸ਼ਟ ਕਰ ਸਕੇ, ਲਭਣ ਲਈ ਕੇਂਦਰ ਸਰਕਾਰ ਉਤੇ ਰਲ ਕੇ ਦਬਾਅ ਪਾਉਣਾ ਚਾਹੀਦਾ ਹੈ।

JESSIE FABRICS LTD.

ਜੈਸੀ ਫੈਬਰਿਕ ਲਿਮਟਿਡ

ਸ਼ਾਨਦਾਰ ਕਢਾਈ ਵਾਲੇ ਸੂਟ, ਸਿਲਕੀ ਸਾੜ੍ਹੀਆਂ, ਬਣੇ ਬਣਾਏ ਸੂਟ ਅਤੇ ਅਨੇਕਾਂ ਰੰਗਾਂ ਅਤੇ ਡੀਜ਼ਾਈਨਾਂ ਵਿਚ ਹਰ ਤਰ੍ਹਾਂ ਦੇ ਕੱਪੜੇ ਸਾਡੇ ਕੋਲੋਂ ਬਾਜਬ ਕੀਮਤਾਂ 'ਤੇ ਲਵੋ

SPECIALITIES
EMBRODED SUITS, SILK SAREES
READYMADE SUITS & FABRICS

UNIT #1+2, 9305-120th St.
DELTA B.C.
V4C 6R8

JASKANWAL SINGH
Bus. (604) 585-3656
Res. (604) 276-2417

ਸਾਥੀ ਸੁਰਜੀਤ ਨੇ ਕਿਹਾ ਕਿ ਕੇਂਦਰ ਸਰਕਾਰ ਲਈ ਇਹ ਸਮਝ ਲੈਣਾ ਵੀ ਉਚਿਤ ਹੈ ਕਿ ਜੇ ਇਸ ਸਰਹੱਦੀ ਸੂਬੇ ਵਿਚ ਇਹ ਸਥਿਤੀ ਬਣੀ ਰਹਿਣ ਦਿਤੀ ਤਾਂ ਇਹ ਬਿਮਾਰੀ ਸਿਰਫ ਪੰਜਾਬ ਤਕ ਹੀ ਸੀਮਿਤ ਨਹੀਂ ਰਹੇਗੀ ਸਗੋਂ ਸਮੁਚੇ ਦੇਸ਼ ਵਿਚ ਫੈਲ ਜਾਵੇਗੀ। ਇਸ ਨਾਲ ਦੇਸ਼ ਦੀ ਏਕਤਾ ਭੰਗ ਹੋ ਜਾਵੇਗੀ ਤੇ ਇਸ ਦੀ ਅਖੰਡਤਾ ਲਈ ਗੰਭੀਰ ਖਤਰਾ ਪੈਦਾ ਹੋ ਜਾਵੇਗਾ। ਇਸ ਨੂੰ ਸਮਸਿਆ ਨੂੰ ਇਸ ਸੌੜੀ ਸੋਚ ਨਾਲ ਲੈਣਾ ਛਡ ਦੇਣਾਚਾਹੀਦਾ ਹੈ ਕਿ ਕਾਂਗਰਸ (ਆਈ) ਨੂੰ ਕਿਵੇਂ ਤਾਕਤ ਵਿਚ ਰਖਿਆ ਜਾ ਸਕਦਾ ਹੈ, ਇਸ ਨੂੰ ਸਗੋਂ ਦੇਸ਼ ਦੇ ਵਿਸ਼ਾਲ ਰਾਸ਼ਟਰੀ ਹਿੱਤਾਂ ਵੱਲ ਦੇਖਣਾ ਚਾਹੀਦਾ ਹੈ। ਵਿਲਮੱਠ ਦੀ ਨੀਤੀ ਫੌਰੀ ਤੌਰ ਤੇ ਤਿਆਗ ਦੇਣੀ ਚਾਹੀਦੀ ਹੈ ਅਤੇ ਪੰਜਾਬ ਸਮਸਿਆ ਦਾ ਫੌਰੀ ਰਾਜਨੀਤਕ ਹੱਲ ਲਭਣ ਲਈ ਰਾਹ ਕਢਿਆ ਜਾਣਾ ਚਾਹੀਦਾ ਹੈ। ਕਿਸੇ ਰਾਜਨੀਤਕ ਹੱਲ ਦੇ ਬਗੈਰ ਮਸਲੇ ਨੂੰ ਸਿਰਫ ਪ੍ਰਸ਼ਾਸਨਕ ਕਦਮਾਂ ਰਾਹੀਂ ਹੀ ਹੱਲ ਨਹੀਂ ਕੀਤਾ ਜਾਣਾ ਚਾਹੀਦਾ। ਅਤੇ ਇਸ ਮਨੋਰਥ ਲਈ ਸਰਕਾਰ ਵਿਰੋਧੀ ਪਾਰਟੀਆਂ ਦਾ ਸਹਿਯੋਗ ਪ੍ਰਾਪਤ ਕਰ ਸਕਦੀ ਹੈ ਜਿਹੜੀਆਂ ਕਿ ਹਾਂ-ਪੱਖੀ ਢੰਗ ਨਾਲ ਹੁੰਗਾਰਾ ਭਰਨ ਲਈ ਪਿਛੇ ਨਹੀਂ ਰਹਿਣਗੀਆਂ। ਹੋਰ ਸਮਾਂ ਬੇਅਰਥ ਗੁਆਉਣ ਨਾਲ ਸਥਿਤੀ ਹੋਰ ਜਿਆਦਾ ਖਰਾਬ ਹੋ ਜਾਵੇਗੀ ਅਤੇ ਇਸ ਦੇ ਖਤਰਨਾਕ ਸਿਟੇ ਨਿਕਲਣਗੇ।

ਪੰਜਾਬ ਮਸਲੇ ਦੇ ਹੱਲ ਵਲ ਵਧਦਿਆਂ ਸਾਥੀ ਸੁਰਜੀਤ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਪਹਿਲੇ ਕਦਮ ਵਜੋਂ ਜੋਧਪੁਰ ਦੇ ਬੇਕਸੂਰ ਨਜ਼ਰਬੰਦ ਬਿਨਾਂ ਹੋਰ ਦੇਰੀ ਦੇ ਰਿਹਾਅ ਕਰ ਦਿਤੇ ਜਾਣੇ ਚਾਹੀਦੇ ਹਨ, ਦਿੱਲੀ ਦੰਗਿਆਂ ਦੇ ਸ਼ਿਕਾਰ ਲੋਕਾਂ ਨੂੰ ਲੋੜੀਂਦਾ ਮੁਆਵਜਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਜਿਹਨਾਂ ਦਾ ਇਹਨਾਂ ਦੰਗਿਆਂ ਪਿਛੇ ਹੱਥ ਹੈ ਜਾਂ ਜਿਹਨਾਂ ਨੇ ਇਹ ਦੰਗੇ ਉਕਸਾਏ, ਉਹਨਾਂ ਉਤੇ ਮੁਕਦਮੇ ਚਲਾਏ ਜਾਣੇ ਚਾਹੀਦੇ ਹਨ। ਪਾਣੀ ਦੇ ਝਗੜੇ ਨੂੰ ਇਕ ਅਜਿਹੇ ਅਧਾਰ ਤੇ ਹੱਲ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਸਮਝੌਤੇ ਵਿਚਲੀ ਬਚਨਬਧਤਾ ਅਨੁਸਾਰ ਸਾਰੇ ਸੂਬਿਆਂ ਵਲੋਂ ਇਸ ਸਮੇਂ ਵਰਤੇ ਜਾਂਦੇ ਪਾਣੀ ਨੂੰ ਯਕੀਨੀ ਬਣਾਉਣ, ਹਰਿਆਣੇ ਨੂੰ ਇਸ ਦਾ ਬਣਦਾ ਹਿੱਸਾ 3.5 ਐਮ. ਏ. ਐਫ ਦਿਤਾ ਜਾਵੇ ਅਤੇ ਇਸ ਦੇ ਨਾਲ ਹੀ ਨਹਿਰ ਦਾ ਕੰਮ ਵੀ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ, ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ ਅਤੇ ਨਵੀਂ ਰਾਜਧਾਨੀ ਬਣਾਉਣ ਲਈ ਹਰਿਆਣੇ ਦੀ ਹਰ ਤਰ੍ਹਾਂਮਦਦ ਕੀਤੀ ਜਾਣੀ ਚਾਹੀਦੀ ਹੈ। ਇਲਾਕਾਈ ਝਗੜੇ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਹੱਲਕਰਨ ਲਈ ਕਮਿਸ਼ਨ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਇਕਸਰਬ-ਪਾਰਟੀ ਮੀਟਿੰਗ ਸੱਦੀ ਜਾ ਸਕਦੀ ਹੈ, ਜਿਹਨਾਂ ਵਿਰੋਧੀ ਪਾਰਟੀਆਂ ਨੇਕਿ ਪਹਿਲਾਂ ਹੱਲ ਲੱਭਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਪੰਜਾਬ ਦੇ ਲੋਕ ਅਮਨ ਚਾਹੁੰਦੇ ਹਨ। ਇਹ ਗੱਲ ਦਾ ਸੇਹਰਾ ਉਹਨਾਂ ਦੇ ਸਿਰ ਜਾਂਦਾ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਕਿਸੇ ਵੀ ਪਿੰਡ ਵਿਚ ਕੋਈ ਫਿਰਕੂ ਦੰਗਾ ਨਹੀਂ ਹੋਇਆ ਹੈ, ਜਿਥੇ ਕਿ ਬਹੁ-ਗਿਣਤੀ ਫਿਰਕੇਦੇ ਲੋਕਘੱਟ-ਗਿਣਤੀਫਿਰਕੇ ਦੇ ਲੋਕਾਂ ਉਤੇ ਹਮਲੇ ਕਰਸਕਦੇ ਸਨ।ਉਹ ਅੱਤਵਾਦ ਅਤੇ ਖਾਲਿਸਤਾਨ ਦੇ ਵੱਖਵਾਦੀ ਨਾਹਰੇ ਦੇ ਵਿਰੁੱਧ ਹਨ। ਪਰ ਉਹ ਕੇਂਦਰ ਸਰਕਾਰ ਦੀ ਵੀ ਏਨੀ ਤਿੱਖੀ ਅਲੋਚਨਾ ਕਰਦੇ ਹਨ, ਜਿਸ ਨੂੰ ਕਿ ਉਹ ਵਰਤਮਾਨ ਸੰਕਟ ਅਤੇ ਗੁੰਝਲਦਾਰ ਸਥਿਤੀ ਲਈ ਜ਼ੁਮੇਂਵਾਰ ਠਹਿਰਾਉਂਦੇ ਹਨ।

ਉਪਰੋਕਤ ਵਰਨਣ ਸੁਝਾਵਾਂ ਨੂੰ ਜੇਕਰ ਅਸਲ ਵਿਚ ਲਾਗੂ ਕੀਤਾ ਜਾਵੇ ਤਾਂ ਇਸ ਨਾਲ ਅੱਤਵਾਦੀਆਂ ਵਿਰੁੱਧਲੋਕਾਂ ਨੂੰ ਸਰਗਰਮ ਕਰਨ, ਸੂਬੇ ਵਿਚ ਫਿਰਕੂ ਇਕਸੁਰਤਾ ਬਹਾਲ ਕਰਨ ਅੱਤਵਾਦੀਆਂ ਨੂੰ ਨਿਖੇੜਨ ਅਤੇ ਇਸ ਤਰਾਂ ਸਾਡੇ ਦੇਸ਼ ਨੂੰ ਅਸਥਿਰ ਕਰਨ ਦੀਆਂ ਸਾਮਰਾਜੀ ਚਾਲਾਂ ਦਾ ਮੂੰਹ ਭੰਨਣ ਵਿਚ ਮਦਦ ਮਿਲੇਗੀ।

ਖੱਬੀਆਂ ਤਾਕਤਾਂ ਦੇ ਰੋਲ ਦਾ ਜ਼ਿਕਰ ਕਰਦਿਆਂ ਸਾਥੀ ਸੁਰਜੀਤ ਨੇ ਲਿਖਿਆ ਹੈ :—

'ਸਾਨੂੰ ਇਸ ਗੱਲ ਤੇ ਬੜਾ ਮਾਣ ਹੈ ਕਿ ਖੱਬੀਆਂ ਪਾਰਟੀਆਂ ਅੱਤਵਾਦੀਆਂ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੀਆਂ ਹਨ ਅਤੇ ਇਸ ਸਮਸਿਆ ਦਾ ਕੋਈ ਰਾਜਨੀਤਕ ਹੱਲ ਲੱਭਣ ਲਈ ਕੇਂਦਰ ਸਰਕਾਰ ਉਤੇ ਦਬਾਅ ਪਾ ਰਹੀਆਂ ਹਨ। ਇਸ ਲੜਾਈ ਵਿਚ ਉਹਨਾਂ ਦੇ ਬਹੁਤ ਸਾਰੇ ਕੀਮਤਾਂ ਕੇਡਰਾਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਪਰ ਉਹਨਾਂ ਨੇ ਆਂਪਣਾ ਇਹ ਕੰਮ ਪੂਰੀ ਲਗਨ ਤੇ ਦ੍ਰਿੜਤਾ ਨਾਲ ਜਾਰੀ ਰਖਿਆ ਹੋਇਆ ਹੈ। ਉਹਨਾਂ ਦਾ ਤਜਰਬਾ ਦੂਸਰਿਆਂ ਲਈ ਵੀ ਬਹੁਤ ਜ਼ਿਆਦਾ ਮਦਦਗਾਰ ਸਾਬਤ ਹੋ ਸਕਦਾ ਹੈ। ਅਸੀਂ ਪੂਰੀ ਤਰ੍ਹਾਂ ਸੁਚੇਤ ਹਾਂ ਕਿ ਉਹ ਇਸ ਯਤਨ ਵਿਚ ਇਕੱਲੇ ਨਹੀਂ ਹਨ। ਖੱਬੀਆਂ ਤਾਕਤਾਂ ਨੂੰ ਪੰਜਾਬ ਦੇ ਦੇਸ਼ ਭਗਤ ਅਤੇ ਸਮੁੱਚੇ ਦੇਸ਼ ਦੀਆਂ ਜਮਹੂਰੀ ਤਾਕਤਾਂ ਦੀ ਮੁਕੰਮਲ ਮਦਦ ਹਾਸਿਲ ਹੈ। ਅੱਤਵਾਦੀਆਂ ਵਿਰੁਧ ਇਹਨਾਂ ਯਤਨਾਂ ਨੂੰ ਹੋਰ ਤਿੱਖਾ ਕੀਤਾ ਚਾਹੀਦਾ ਹੈ।

ਕੌਣ ਕਰ ਸਕਦੇ
ਚੇਤਨਾ ਨੂੰ ਕਤਲ ?
ਚੇਤਨਾ ਦਾ ਵਜੂਦ—
ਲੋਕਾਂ
ਦੇ ਰੋਹ ਵਰਗਾ ਹੈ।

## ਬੰਬ ਧਮਾਕਿਆ ਵਿਚ ਹੁਣ ਤਕ 110 ਹਲਾਕ

ਜੰਡਿਆਲਾਗੁਰੂ—ਸਾਲ 1988 ਵਿਚ ਦਹਿਸ਼ਤਗਰਦਾਂ ਵਲੋਂ ਹੁਣ ਤਕ ਪੰਜਾਬ ਦੇ ਵਖ ਵਖ ਸ਼ਹਿਰਾਂ ਵਿਚ ਕੁਲ 15 ਬੰਬ ਧਮਾਕੇ ਕੀਤੇ ਜਿਹਨਾਂ ਵਿਚ110 ਵਿਅਕਤੀ ਮਾਰੇ ਗਏ ਤੇ ਇਨ੍ਹਾਂ ਬੰਬ ਧਮਾਕਿਆਂ ਵਿਚ ਸਭ ਤੋਂ ਵਡਾ ਬੰਬ ਧਮਾਕਾ ਅੰਮ੍ਰਿਤਸਰ ਦੇ ਕਟੜਾ ਆਹਲੂਵਾਲਿਆਂ ਵਿਚ ਹੋਇਆ ਜਿਸ ਵਿਚ ਹੁਣ ਤਕ 36 ਵਿਅਕਤੀ ਮਾਰੇ ਜਾ ਚੁਕੇ ਹਨ।

ਇਸ ਸਬੰਧ ਵਿਚ ਇਕਠੀ ਕੀਤੀ ਗਈ ਜਾਣਕਾਰੀ ਅਨੁਸਾਰ ਸਭ ਤੋਂ ਪਹਿਲੇ 19 ਫਰਵਰੀ 1988 ਨੂੰ ਅੰਮ੍ਰਿਤਸਰ ਦੀ ਕਚਹਿਰੀ ਵਿਚ ਬੰਬ ਧਮਾਕਾ ਹੋਇਆ ਸੀ ਜਿਸ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ ਜਦਕਿ ਇਸੇ ਦਿਨ ਗੁਰਦਾਸਪੁਰ ਵਿਚ 5, ਪਟਿਆਲਾ ਵਿਚ 4, ਹੁਸ਼ਿਆਰਪੁਰ ਵਿਚ 4 ਵਿਅਕਤੀ ਮਾਰੇ ਗਏ ਸਨ। ਇਹ ਸਾਰੇ ਬੰਬ ਧਮਾਕੇ ਇਕ ਹੀ ਦਿਨ ਹੋਏ ਸਨ। ਇਸ ਤੋਂ ਇਲਾਵਾ 21 ਅਪ੍ਰੈਲ ਨੂੰ ਜਲੰਧਰ ਦੀ ਬੇਂਸ ਮਾਰਕੀਟ ਵਿਚ ਹੋਏ ਬੰਬ ਧਮਾਕੇ ਵਿਚ 4, 29 ਅਪ੍ਰੈਲ ਨੂੰ ਬਟਾਲਾ ਵਿਚ ਹੋਏ ਬੰਬ ਧਮਾਕੇ ਵਿਚ 5, 20 ਮਈ ਨੂੰ ਹਿਮਾਚਲ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਵਿਚ 8 ਵਿਅਕਤੀ ਮਾਰੇ ਗਏ ਜਿਹਨਾਂ ਵਿਚ 3 ਕੰਡਵਾਲ ਨੇੜੇ, 2 ਪਠਾਨਕੋਟ ਨੇੜੇ ਅਤੇ 3 ਪਠਾਨਕੋਟ ਬੱਸ ਅੱਡੇ ਤੇ ਮਾਰੇ ਗਏ, ਇਸੇ ਦਿਨ ਹੀ ਪਠਾਨਕੋਟ ਜੀ. ਟੀ. ਰੋਡ ਤੇ ਹੋਏ ਬੰਬ ਧਮਾਕੇ ਵਿਚ 2 ਵਿਅਕਤੀ ਮਾਰੇ ਗਏ। 22 ਮਈ ਨੂੰ ਲੁਧਿਆਣਾ ਰੇਲਵੇ ਸਟੇਸ਼ਨ ਤੇ ਹੋਏ ਬੰਬ ਧਮਾਕੇ ਵਿਚ 3 ਵਿਅਕਤੀ, 30 ਮਈ ਨੂੰ ਅੰਮ੍ਰਿਤਸਰ ਦੇ ਭਾਈਆਂਵਾਲਾ ਸ਼ਿਵਾਲਾ ਵਿਚ ਹੋਏ ਬੰਬ ਧਮਾਕੇ ਵਿਚ 30 ਵਿਅਕਤੀ, 31 ਮਈ ਨੂੰ ਜ਼ਿਲਾ ਗੁਰਦਾਸਪੁਰ ਦੇ ਕਸਬਾ ਦੀਨਾਨਗਰ ਵਿਚ ਹੋਏ ਬੰਬ ਧਮਾਕੇ ਵਿਚ 5 ਵਿਅਕਤੀ ਅਤੇ 21 ਜੂਨ ਨੂੰ ਕਟੜਾ ਆਹਲੂਵਾਲਿਆਂ ਵਿਚ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਮੌਕੇ ਤੇ 30 ਵਿਅਕਤੀ ਮਾਰੇ ਗਏ ਅਤੇ 6 ਦੀ ਬਾਅਦ ਵਿਚ ਹਸਪਤਾਲ ਜਾ ਕੇ ਮੌਤ ਹੋਈ ਤੇ ਕੁਲ ਮਿਲਾ ਕੇ 110 ਵਿਅਕਤੀ ਮਾਰੇ ਗਏ।

ਇਸ ਦੇ ਇਲਾਵਾ ਹਰਿਆਣਾ ਦੇ ਜ਼ਿਲਾ ਕੁਰੂਕਸ਼ੇਤਰ ਵਿਚ 16 ਅਤੇ ਦਿੱਲੀ ਦੇ ਤਿਲਕ ਨਗਰ ਖੇਤਰ ਵਿਚ 3 ਵਿਅਕਤੀ ਬੰਬ ਧਮਾਕਿਆਂ ਕਾਰਨ ਮਾਰੇ ਗਏ।

ਅਪ੍ਰੇਸ਼ਨ ਕਾਲਾਗਰਚ ਦੇ ਬਾਅਦ ਅੰਮ੍ਰਿਤਸਰ ਵਿਚ 30 ਮਈ ਅਤੇ 21 ਜੂਨ ਦੇ ਬੰਬ ਧਮਾਕਿਆਂ ਕਾਰਨ ਕੁਲ 66 ਲੋਕ ਮਾਰੇ ਗਏ। ਇਹ ਬੰਬ ਧਮਾਕੇ ਕਾਫੀ ਸ਼ਕਤੀਸ਼ਾਲੀ ਬੰਬ ਦੇ ਫਟਣ ਕਾਰਨ ਹੋਏ।

# ਨੀਂਹ ਪੱਥਰ ਜੋ ਕੇਵਲ ਪੱਥਰ ਸਾਬਤ ਹੋ ਰਹੇ ਹਨ

—ਜਦੋਂ ਵੀ ਕੋਈ ਲੋਕ ਪ੍ਰਿਯ ਸਰਕਾਰ ਨਿਯੁਕਤ ਹੁੰਦੀ ਹੈ ਤਾਂ ਉਹ ਜੰਤਾ ਨਾਲ ਕੀਤੇ ਵਾਅਦਿਆਂ ਤੇ ਕਦੇ ਨਾ ਕਦੇ ਜ਼ਰੂਰ ਨਜ਼ਰ ਕਰਦੀ ਹੈ ਅਤੇ ਲੋਕਾਂ ਦੀ ਸਹੂਲਤ ਲਈ ਬਹੁਤ ਸਾਰੀਆਂ ਨਵੀਆਂ ਸਰਕਾਰੀ ਸਹੂਲਤਾਂ ਮੁਹਈਆ ਕਰਨ ਦੇ ਨੀਂਹਪੱਥਰ ਰਖਕੇ ਲੋਕਾਂ ਨੂੰ ਖੁਸ਼ ਕਰ ਦਿੰਦੀ ਹੈ। ਬਹੁਤ ਸਾਰੇ ਨੀਂਹ ਪੱਥਰਾਂ ਦੀ ਤਾਂ ਸੁਣੀ ਜਾਂਦੀ ਹੈ ਪਰੰਤੂ ਬਹੁਤ ਸਾਰੇ ਨੀਂਹ ਪੱਥਰ ਇਕ ਪੱਥਰ ਦਾ ਰੂਪ ਧਾਰਨ ਕਰਕੇ ਹੀ ਰਹਿ ਜਾਂਦੇ ਹਨ। ਪਿੰਡ ਲੌਂਗੋਵਾਲ ਵਿਖੇ ਮੰਦਰ ਕਾਲੀ ਦੇਵੀ ਤੋਂ ਲੈ ਕੇ ਸਬ ਤਹਿ-ਸੀਲ ਤਕ ਲਗਭਗ ਡੇਢ ਕਿਲੋਮੀਟਰ ਲੰਬੀ ਸੜਕ ਦਾ ਨੀਂਹ ਪੱਥਰ 1979 ਵਿਚ ਉਸ ਸਮੇਂ ਮੁਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰਖਿਆ ਸੀ। ਇਹ ਨੀਂਹ ਪੱਥਰ ਉਹਨਾਂ ਵਿਚੋਂ ਇਕ ਹੈ ਜੋ ਕਿ ਸਿਰਫ ਇਕ ਪੱਥਰ ਦਾ ਰੂਪ ਧਾਰਨ ਕਰਕੇ ਹੀ ਰਹਿ ਜਾਂਦੇ ਹਨ। ਥੋੜਾ ਸਮਾਂ ਬੀਤਣ ਤੇ ਸ੍ਰੀ ਬਾਦਲ ਦੀ ਸਰਕਾਰ ਟੁਟ ਗਈ ਅਤੇ ਬਸ ਇਸ ਪੱਥਰ ਦੀ ਕਿਸਮਤ ਫੁਟ ਗਈ। ਇਸ ਤਰਾਂ ਦੀ

ਇਕ ਮਿਸਾਲ ਕਸਬਾ ਧਨੌਲਾ ਵਿਖੇ 50 ਬਿਸਤਰਿਆਂ ਦੇ ਹਸਪਤਾਲ ਦੇ ਨੀਂਹ ਪੱਥਰ ਬਾਰੇ ਹੈ ਜੋ ਕਿ ਕਾਫੀ ਸਮਾਂ ਪਹਿਲਾਂ ਸੁਰਜੀਤ ਸਿੰਘ ਬਰਨਾਲਾ ਨੇ ਰਖਿਆਸੀ।

ਮਿਲੀ ਖਬਰ ਅਨੁਸਾਰ ਬਸ ਸਟੈਂਡ ਲੌਂਗੋਵਾਲ ਤੋਂ ਸਿਵਲ ਹਸਪਤਾਲ ਤਕ ਤਕਰੀਬਨ 2 ਕਿਲੋਮੀਟਰ ਲੰਬੀ ਸੜਕ ਦਾ ਨੀਂਹ ਪੱਥਰ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਸ੍ਰੀ ਪੀ. ਐਚ. ਵੈਸ਼ਨਵ ਨੇ 27 ਫਰਵਰੀ 1988 ਨੂੰ ਰਖਿਆ ਸੀ ਅਤੇ ਲੋਕਾਂ ਨੂੰ ਪੂਰਨ ਭਰੋਸਾ ਦਿਵਾਇਆ ਸੀ ਕਿ ਇਸ ਸੜਕ ਦਾ ਹਾਲ ਆਮ ਨੀਂਹ ਪੱਥਰਾਂ ਵਾਲਾ ਨਹੀਂ ਹੋਵੇਗਾ ਅਤੇ ਇਹ ਸੜਕ ਮਾਰਚ 1988 ਵਿਚ ਬਣ ਜਾਵੇਗੀ ਪ੍ਰੰਤੂ ਕੁਝ ਦੇਰ ਬਾਅਦ ਵੈਸ਼ਨਵ ਸਾਹਿਬ ਬਦਲਕੇ ਦਿਲੀ ਚਲੇ ਗਏ ਤੇ ਇਸ ਸੜਕ ਦੀ ਉਸਾਰੀ ਅਜੇ ਤਕ ਵੀ ਸ਼ੁਰੂ ਨਾ ਹੋਣ ਦੀ ਖਬਰ ਹੈ। ਪਿੰਡ ਵਾਸੀਆਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਕੇ ਲੋਕਾਂ ਦੀ ਬਾਰਾਂ ਸਾਲ ਦੀ ਮੰਗ ਨੂੰ ਪੂਰਾ ਕੀਤਾ ਜਾਵੇ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਨੀਂਹ ਪੱਥਰ ਵੀ ਕਦੇ ਉਹਨਾਂ ਨੀਂਹ ਪੱਥਰਾਂ ਦੀ ਕਤਾਰ ਵਿਚ ਨਾ ਆ ਖੜੇ ਜੋ ਕਿ ਇਕ ਪੱਥਰ ਦਾ ਰੂਪ ਧਾਰਨ ਕਰਕੇ ਹੀ ਰਹਿ ਜਾਂਦੇ ਹਨ।

# ਪੰਜਾਬ ਮਸਲੇ ਦੇ ਸਿਆਸੀ ਹੱਲ ਲਈ

ਕੇਂਦਰੀ ਸਰਕਾਰ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਲਗਾਤਾਰ ਲਟਕਾਉਂਦੀ ਚਲੀ ਆ ਰਹੀ ਹੈ। ਕਾਲੀ ਗਰਜ ਕਾਰਵਾਈ ਨਾਲ ਜਿਵੇਂ ਅੱਤਵਾਦੀ-ਵੱਖਵਾਦੀ ਤੱਤਾਂ ਦਾ ਬੁਰੀ ਤਰਾਂ ਨਖੇੜਾ ਹੋਇਆ ਸੀ ਅਤੇ ਇਹਨਾਂ ਦੇ ਕਾਲੇ ਕਾਰਨਾਮੇ ਲੋਕਾਂ ਸਾਹਮਣੇ ਆਏ ਸਨ ਉਸ ਸਮੇਂ ਇਹਨਾਂ ਤੱਤਾਂ ਨੂੰ ਹੋਰ ਵੀ ਨਖੇ-ੜਨ ਲਈ ਚੰਗਾ ਮੌਕਾ ਪੈਦਾ ਹੋਇਆ ਸੀ। ਉਦੋਂ ਲੋੜ ਇਸ ਗੱਲ ਦੀ ਸੀ ਕਿ ਕੇਂਦਰੀ ਸਰਕਾਰ ਪੰਜਾਬ ਸਮਝੌਤੇ ਦੀ ਸੇਧ ਵਿਚ ਕੁਝ ਸਿਆਸੀ ਪਹਿਲ ਕਦਮੀਆਂ ਲੈਂਦੀ। ਅਥਵਾ ਜੋਧਪੁਰ ਦੇ ਨਿਰਦੋਸ਼ ਨਜ਼ਰਬੰਦਾਂ ਨੂੰ ਰਿਹਾ ਕੀਤਾ ਜਾਂਦਾ, 1984 ਦੇ ਦਿੱਲੀ ਅਤੇ ਹੋਰ ਥਾਵਾਂ ਉੱਤੇ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਅਤੇ ਨਾਲ ਹੀ ਕੁਝ ਹੋਰ ਅਜਿਹੇ ਕਦਮ ਪੁੱਟੇ ਜਾਂਦੇ ਜਿੰਨਾ ਨਾਲ ਪੰਜਾਬ ਮਸਲੇ ਦਾ ਸਿਆਸੀ ਹੱਲ ਨੇੜੇ ਆਉਂਦਾ। ਪਰ ਕਾਲੀ ਗਰਜ ਕਾਰਵਾਈ ਤੋਂ ਪਿੱਛੋਂ ਕੇਂਦਰੀ ਸਰਕਾਰ ਨੇ ਇਸ ਸੇਧ ਵਿਚ ਕੋਈ ਵੀ ਕਦਮ ਨਹੀਂ ਪੁਟਿਆ ਭਾਵੇਂ ਕਿ ਪੰਜਾਬ ਦੇ ਗਵਰਨਰ ਸ੍ਰੀ ਐਸ. ਐਸ. ਰੇਅ ਇਹ ਆਖ ਰਹੇ ਹਨ ਕਿ ਪਰਧਾਨ ਮੰਤਰੀ ਕੋਲ ਪੰਜਾਬ ਮਸਲੇ ਦਾ ਹੱਲ ਹੈ ਅਤੇ ਪਰਧਾਨ ਮੰਤਰੀ ਰਾਜੀਵ ਗਾਂਧੀ ਇਹ ਆਸਾਂ ਪ੍ਰਗਟਾ ਰਹੇ ਹਨ ਕਿ ਪੰਜਾਬ ਮਸਲਾ ਛੇਤੀ ਹੱਲ ਹੋ ਜਾਵੇਗਾ।

ਕੇਂਦਰੀ ਦੀ ਨੀਤੀ ਦਾ ਵਿਸ਼ਲੇਸ਼ਨ ਏਹੀ ਸਿੱਟਾ ਕੱਢਣ ਲਈ ਮਜਬੂਰ ਕਰਦਾ ਹੈ ਕਿ ਉਹ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਲਟਕਾਉਣ ਦੀ ਨੀਤੀ ਹੀ ਧਾਰਨ ਕਰ ਰਹੀ ਹੈ। ਉਸਦੇ ਨਿਸ਼ਾਨੇ ਕੀ ਹਨ ਇਸ ਬਾਰੇ ਕਈ ਤਰਾਂ ਦੇ ਅਨੁਮਾਨ ਲਾਏ ਜਾ ਸਕਦੇ ਹਨ ਪਰ ਕੇਂਦਰ ਦੀ ਪੁਰਾਣੀ ਪਹੁੰਚ ਤੋਂ ਇਹ ਸ਼ੱਕ ਹੀ ਪੱਕਾ ਹੁੰਦਾ ਹੈ ਕਿ ਉਹ ਪੰਜਾਬ ਮਸਲੇ ਨੂੰ ਲਟਕਾ ਕੇ ਕਿਸੇ ਯੋਗ ਸਮੇਂ ਇਸ ਨੂੰ ਵਰਤਣਾ ਚਾਹੁੰਦੀ ਹੈ।

ਪੰਜਾਬ ਮਸਲੇ ਨੂੰ ਲਟਕਾਉਣ ਦੀ ਕੇਂਦਰ ਦੀ ਇਸ ਤਰਾਂ ਦੀ ਪਾਲਸੀ ਨਾਲ ਜਿਥੇ ਹੋਰ ਕਈ ਨਵੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਓਥੇ ਅੱਤਵਾਦੀ ਵੱਖਵਾਦੀ ਤੱਤਾਂ ਨੂੰ ਆਪਣੀਆਂ ਸਰਗਰਮੀਆਂ ਦਾ ਪਸਾਰ ਕਰਨ ਅਤੇ ਆਪਣਾ ਆਧਾਰ-ਖੇਤਰ ਵਧਾਉਣ ਦਾ ਮੌਕਾ ਮਿਲ ਰਿਹਾ ਹੈ।

ਜਦੋਂ ਪੰਜਾਬ ਮਸਲੇ ਦੇ ਸਬੰਧ ਵਿਚ ਕੇਂਦਰੀ ਸਰਕਾਰ ਦੀ ਪਹੁੰਚ ਇਸ ਤਰਾਂ ਦੀ ਹੈ ਤਾਂ ਦੂਜੇ ਪਾਸੇ ਅਕਾਲੀਆਂ ਵਲੋਂ, ਵਿਸ਼ੇਸ਼ ਕਰਕੇ ਸੰਯੁਕਤ ਅਕਾਲੀ ਦਲ ਵਲੋਂ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ ਜਾ ਰਹੀ।

ਸੰਯੁਕਤ ਅਕਾਲੀ ਦਲ ਵਾਲੇ ਨਾ ਹੀ ਅੱਤਵਾਦੀ-ਵੱਖਵਾਦੀ ਤੱਤਾਂ ਨਾਲੋਂ ਸਪੱਸ਼ਟ ਨਖੇੜਾ ਕਰ ਰਹੇ ਹਨ ਅਤੇ ਨਾ ਹੀ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਅਤੇ ਫਿਰਕੂ ਸਦਭਾਵਨਾ ਲਈ ਕੋਈ ਸਪੱਸ਼ਟ ਸਟੈਂਡ ਲੈ ਰਹੇ ਹਨ। ਇਸ ਤੋਂ ਬਿਨਾ ਇਹਨਾਂ ਵਲੋਂ ਬੇਦੋਸ਼ੇ ਲੋਕਾਂ ਦੇ ਕਤਲਾਂ ਦੀ ਵੀ ਨਿੰਦਾ ਨਹੀਂ ਕੀਤੀ ਜਾ ਰਹੀ। ਉਪਰੋਕਤ ਪੈਂਤੜਾ ਲੈਕੇ ਹੀ ਅਕਾਲੀ ਆਗੂ ਪੰਜਾਬ ਅਤੇ ਸਿੱਖ ਜਨ ਸਮੂਹਾਂ ਦੇ ਹਿੱਤਾਂ ਦੀ ਪਾਲਣਾ ਕਰ ਸਕਦੇ ਹਨ ਅਤੇ ਰਾਸ਼ਟਰੀ ਜਮਹੂਰੀ ਸ਼ਕਤੀਆਂ ਦੀ ਹਮਾਇਤ ਜਿੱਤ ਸਕਦੇ ਹਨ।

ਦੇਸ ਦੀ ਏਕਤਾ ਅਖੰਡਤਾ ਦੀ ਰਾਖੀ ਦੇ ਸੁਆਲ ਉੱਤੇ ਅਤੇ ਅੱਤਵਾਦੀ-ਵੱਖਵਾਦੀ ਤੱਤਾਂ ਵਲੋਂ ਪਹੁੰਚ ਦੇ ਸੁਆਲ ਉੱਤੇ ਅਕਾਲੀ ਦਲ (ਲੌਂਗੋਵਾਲ) ਦੀਆਂ ਪੁਜ਼ੀਸ਼ਨ ਹਾਂ-ਪੱਖੀ ਹਨ ਭਾਵੇਂ ਕਿ ਇਹਨਾਂ ਵਿਚ ਵੀ ਸਮੇਂ ਸਮੇਂ ਥਿੜਕਣਾ ਆਉਂ-ਦੀਆਂ ਹਨ ਅਤੇ ਇਹਨਾਂ ਪੁਜ਼ੀਸ਼ਨਾਂ ਉੱਤੇ ਸਖਤੀ ਨਾਲ ਖਲੋਣ ਦੀ ਲੋੜ ਹੈ।

ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਦਾ 17 ਜੁਲਾਈ ਦੇ ਅਖਬਾਰਾਂ ਵਿਚ ਛਪਿਆ ਬਿਆਨ ਚੰਗੀ ਸੇਧ ਵਿਚ ਹੈ ਜਿਸ ਵਿਚ ਉਹਨਾਂ ਨੇ ਆਖਿਆ ਹੈ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਅੱਤਵਾਦੀਆਂ ਨੂੰ ਕਢਣ ਲਈ ਉਹਨਾਂ ਦੀ ਹਕੂਮਤ ਸਮੇਂ ਕੀਤੀ ਗਈ ਕਾਰਵਾਈ ਦਰੁਸਤ ਸੀ। ਉਹਨਾਂ ਇਹ ਵੀ ਆਖਿਆ ਕਿ ਜੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਟਾਸਕ ਫੋਰਸ ਭੰਗ ਨਾ ਕੀਤੀ ਹੁੰਦੀ ਤਾਂ ਪੁਲਸ ਕਾਰਵਾਈ ਦੀ ਲੋੜ ਨਹੀਂ ਸੀ ਪੈਣੀ।

ਭਾਵੇਂ ਸ੍ਰੀ ਸੁਰਜੀਤ ਸਿੰਘ ਬਰਨਾਲਾ ਵਲੋਂ ਲਈਆਂ ਜਾ ਰਹੀਆਂ ਪੁਜ਼ੀਸ਼ਨਾਂ ਅਜੋਕੀ ਅਵਸਥਾ ਵਿਚ ਚੰਗੀ ਸੇਧ ਵਿਚ ਹਨ ਪਰ ਉਹਨਾਂ ਤੋਂ ਬਿਨਾਂ ਅਕਾਲੀ ਦਲ (ਲੌਂਗੋਵਾਲ) ਦਾ ਹੋਰ ਕੋਈ ਲੀਡਰ ਬੋਲਦਾ ਨਹੀਂ, ਅਥਵਾ ਅਜਿਹੀ ਸਿਆਸੀ ਮੁਹਿੰਮ ਵਿਚ ਉਹਨਾਂ ਦੀ ਆਵਾਜ਼ ਇਕੱਲੀ ਹੀ ਹੈ।

ਸੀ.ਪੀ.ਆਈ. (ਐਮ) ਅਤੇ ਸੀ.ਪੀ.ਆਈ. ਵਲੋਂ 16 ਜੂਨ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਵਿਖੇ ਜਿਹੜੀ ਸੂਬਾ ਪੱਧਰ ਦੀ ਪ੍ਰਤੀਨਿਧ ਕਨਵੈਨਸ਼ਨ ਕੀਤੀ ਗਈ ਸੀ ਉਸ ਵਿਚ ਜਿਥੇ ਕੇਂਦਰੀ ਸਰਕਾਰ ਦੀ ਪੰਜਾਬ ਮਸਲੇ ਦਾ ਸਿਆਸੀ ਹੱਲ ਲਟਕਾਉਣ ਦੀ ਨੀਤੀ ਦੀ ਸਖ਼ਤ ਨਿੰਦਾ ਕੀਤੀ ਗਈ ਸੀ ਉਥੇ ਨਾਲ ਹੀ ਦੇਸ਼ ਦੀਆਂ ਸਭਨਾਂ ਹੀ ਅਗੇ ਵਧੂ ਅਤੇ ਜਮਹੂਰੀ ਸ਼ਕਤੀਆਂ ਨੂੰ ਸੱਦਾ ਦਿਤਾ ਗਿਆ ਸੀ ਕਿ ਉਹ ਸਭਨਾਂ ਹੀ ਵਨਗੀਆਂ ਦੀਆਂ ਫਿਰਕੂ ਅਤੇ ਸ਼ਾਵਨਵਾਦੀ ਸ਼ਕਤੀਆਂ ਵਿਰੁਧ ਆਪਣੀ ਆਵਾਜ਼ ਉਚੀ ਕਰਨ ਜਿਹੜੀਆਂ ਕਿ ਪੰਜਾਬ ਦੀ ਅਜੋਕੀ ਦੁਖਦਾਇਕ ਸਥਿਤੀ ਤੋਂ ਲਾਭ ਖੱਟਣਾ ਚਾਹੁੰਦੀਆਂ ਹਨ।

ਇਸ ਕਨਵੈਨਸ਼ਨ ਵਲੋਂ ਸੰਯੁਕਤ ਅਕਾਲੀ ਦਲ ਦੇ ਰੋਲ ਦੀ ਵੀ ਤਿੱਖੀ ਨੁਕਤਾਚੀਨੀ ਕੀਤੀ ਗਈ ਸੀ ਅਤੇ ਇਸ ਗੱਲ ਉਤੇ ਜ਼ੋਰ ਦਿਤਾ ਗਿਆ ਸੀ ਕਿ ਦਲ ਵੱਖਵਾਦੀ-ਅੱਤਵਾਦੀ ਸ਼ਕਤੀਆਂ ਨਾਲੋਂ ਸਪਸ਼ਟ ਨਖੇੜਾ ਕਰੇ।

ਸੋਲਾਂ ਜੂਨ ਦੀ ਕਨਵੈਨਸ਼ਨ ਬਲੈਕਥੰਡਰ ਕਾਰਵਾਈ ਦੀ ਸਫਲਤਾ ਦੇ ਪਿਛੋਕੜ ਵਿਚ ਹੋਈ ਸੀ ਅਤੇ ਇਸ ਨੇ ਜਿਥੇ ਇਹ ਗੱਲ ਨੋਟ ਕੀਤੀ ਸੀ ਇਸ ਨਾਲ ਜਿਥੇ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ ਅਤੇ ਅੱਤਵਾਦੀ-ਵੱਖਵਾਦੀ ਤੱਤਾਂ ਉਤੇ ਵੱਡੀ ਸੱਟ ਪਈ ਹੈ ਉਥੇ ਨਾਲ ਹੀ ਨਾਲ ਇਹ ਗੱਲ ਵੀ ਨੋਟ ਕੀਤੀ ਸੀ ਕਿ ਕਿਸੇ ਕਿਸਮ ਦੀ ਖੁਸ਼-ਫਹਿਮੀ ਲਈ ਕੋਈ ਗੁੰਜਾਇਸ਼ ਨਹੀਂ ਅਤੇ ਅੱਤਵਾਦੀ ਹਾਲੇ ਵੀ ਇਸ ਪੁਜੀਸ਼ਨ ਵਿਚ ਹਨ ਕਿ ਉਹ ਵੱਡੀ ਗਿਣਤੀ ਵਿਚ ਬੇਗੁਨਾਹ ਲੋਕਾਂ ਨੂੰ ਕਤਲ ਕਰ ਸਕਦੇ ਹਨ।

ਇਸ ਕਨਵੈਨਸ਼ਨ ਵਲੋਂ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਲੜਾਈ ਨੂੰ ਅਗੇ ਖੜਨ ਲਈ ਜਿਥੇ ਦਰੁਸਤ ਸੇਧ ਦਿਤੀ ਗਈ ਸੀ ਉਥੇ ਕੇਂਦਰੀ ਸਰਕਾਰ ਉਤੇ ਵੀ ਕੁਝ ਜੁਮੇਂਵਾਰੀਆਂ ਸੁਟੀਆਂ ਗਈਆਂ ਸਨ ਜਿਨਾਂ ਵਿਚ ਇਕ ਇਹ ਵੀ ਸੀ ਕਿ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਕਿਸੇ ਵੀ ਤਰਾਂ ਨਾ ਲਟਕਾਇਆ ਜਾਵੇ।

ਇਸ ਤੋਂ ਬਿਨਾਂ ਇਸ ਕਨਵੈਨਸ਼ਨ ਵਲੋਂ ਕੇਂਦਰੀ ਸਰਕਾਰ ਉੱਤੇ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਦਬਾਅ ਤਿੱਖਾ ਕਰਨ ਲਈ, ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਹੋਰ ਨਖੇੜਨ ਤੇ ਨੰਗਿਆਂ ਕਰਨ ਲਈ ਅਤੇ ਅਕਾਲੀਆਂ ਉੱਤੇ ਇਸ ਪੱਖ ਤੋਂ ਦਬਾਅ ਵਧਾਉਣ ਲਈ ਕਿ ਉਹ ਅੱਤਵਾਦੀ-ਵੱਖਵਾਦੀ ਤੱਤਾਂ ਨਾਲੋਂ ਸਪੱਸ਼ਟ ਨਖੇੜਾ ਕਰਨ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਡਟਕੇ ਖਲੋਣ, ਵੀਹ ਜੁਲਾਈ ਨੂੰ ਸਾਰੇ ਪੰਜਾਬ ਵਿਚ ਜ਼ਿਲਾ ਕੇਂਦਰਾਂ ਉੱਤੇ ਪ੍ਰਤੀਨਿਧ ਧਰਨੇ ਦੇਣ ਦਾ ਫੈਸਲਾ ਕੀਤਾ ਗਿਆ ਸੀ।

ਅਸੀਂ ਜਿਥੇ ਜ਼ਿਲਾ ਕੇਂਦਰਾਂ ਉੱਤੇ ਧਰਨਿਆਂ ਨੂੰ ਹਰ ਪੱਖ ਤੋਂ ਸਫਲ ਕਰਨ ਦੀ ਅਪੀਲ ਕਰਦੇ ਹਾਂ ਉਥੇ ਇਹ ਨੋਟ ਕੀਤੇ ਬਿਨਾਂ ਨਹੀਂ ਰਹਿ ਸਕਦੇ ਕਿ ਇਹਨਾਂ ਧਰਨਿਆਂ ਦੀ ਪੰਜਾਬ ਦੀ ਅਜੋਕੀ ਅਵਸਥਾ ਵਿਚ ਬੜੀ ਮਹੱਤਤਾ ਹੈ।

ਪੰਜਾਬ ਦੀ ਹਾਲਤ ਬੜੀ ਗੰਭੀਰ ਹੈ। ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤ ਨਾ ਕੇਵਲ ਪਾਕਿਸਤਾਨ ਦੀ ਧਰਤੀ ਵਿਚਲੇ ਆਪਣੇ ਕੇਂਦਰ ਤੋਂ ਅਗਵਾਈ ਹੀ ਹਾਸਲ ਕਰ ਰਹੇ ਹਨ ਸਗੋਂ ਉਥੋਂ ਹਥਿਆਰ ਅਤੇ ਟਰੇਨਿੰਗ ਵੀ ਹਾਸਲ ਕਰ ਰਹੇ ਹਨ। ਇਹਨਾਂ ਵਲੋਂ ਦਰਪੇਸ਼ ਖਤਰਿਆਂ ਦਾ ਟਾਕਰਾ ਕਰਨ ਲਈ ਇਹ ਗੱਲ ਬੜੀ ਹੀ ਅਹਿਮ ਹੈ ਕਿ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਕੀਤੀ ਜਾਵੇ। ਅਜਿਹੀ ਲਾਮਬੰਦੀ ਤਾਂ ਹੀ ਸੰਭਵ ਹੈ ਜੇਕਰ ਕੇਂਦਰੀ ਸਰਕਾਰ ਪੰਜਾਬ ਸਮਝੌਤੇ ਦੀ ਸੇਧ ਵਿਚ ਛੇਤੀ ਕੁਝ ਪਹਿਲ-ਕਦਮੀਆਂ ਲਵੇ।

ਜੇ ਕੇਂਦਰੀ ਸਰਕਾਰ ਅਜਿਹੀਆਂ ਪਹਿਲ-ਕਦਮੀਆਂ ਲੈਂਦੀ ਹੈ ਤਾਂ ਨਿਸਚੇ ਹੀ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਉਸਾਰੀ ਜਾ ਸਕਦੀ ਹੈ।

ਕੇਂਦਰੀ ਸਰਕਾਰ ਨੂੰ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਕੇਵਲ ਗੱਲਾਂਬਾਤਾਂ ਹੀ ਨਹੀਂ ਕਰਨੀਆਂ ਚਾਹੀਦੀਆਂ ਹਨ ਸਗੋਂ ਠੋਸ ਕਦਮ ਪੁਟਣੇ ਚਾਹੀਦੇ ਹਨ।

ਅਖੀਰ ਵਿਚ ਅਸੀਂ ਵੀਹ ਜੁਲਾਈ ਦੇ ਜ਼ਿਲਾ ਪੱਧਰ ਦੇ ਵਿਸ਼ਾਲ ਪ੍ਰਤੀਨਿਧ ਧਰਨਿਆਂ ਵਿਚ ਵੱਧ ਤੋਂ ਵਧ ਪ੍ਰਤੀਨਿਧ ਭੇਜਣ ਦਾ ਸੱਦਾ ਦਿੰਦੇ ਹਾਂ ਅਤੇ ਇਸ ਸਬੰਧ ਵਿਚ ਸਭ ਨੂੰ ਹੀ ਆਪੋ ਆਪਣੀ ਥਾਂ ਲਗੀਆਂ ਜੁਮੇਂਵਾਰੀਆਂ ਨਿਭਾਉਣ ਦੀ ਅਪੀਲ ਕਰਦੇ ਹਾਂ।

# ਕਾਨਫਰੰਸ ਵੱਲੋਂ ਗੋਰਬਾਚੇਵ ਦੀਆਂ ਤਜਵੀਜ਼ਾਂ ਤੇ ਗੌਰ ਜਾਰੀ

ਸੋਵੀਅਤ ਯੂਨੀਅਨ ਦੀ ਕਮਿਉਨਿਸਟ ਪਾਰਟੀ ਦੀ 19ਵੀਂ ਕਾਨਫਰੰਸ ਵਲੋਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮਿਖਾਇਲ ਗੋਰਬਾਚੇਵ ਦੀਆਂ ਤਜਵੀਜ਼ਾਂ ਉਤੇ ਗੌਰ ਜਾਰੀ ਹੈ।

ਇਹ ਜਾਣਕਾਰੀ ਪਾਰਟੀ ਤਰਜਮਾਨ ਵਲੋਂ ਦਿੱਤੀ ਗਈ ਹੈ।

# ਇਹ ਕਿਹਾ ਸਰਕਾਰੀ ਹਸਪਤਾਲ ਹੈ!

ਭਿੱਖੀਵਿੰਡ 4 ਜੁਲਾਈ (ਦਮਨ)- ਇਥੋਂ ਥੋੜੀ ਦੂਰ ਪਿੰਡ ਸੁਗਾ ਵਿਖੇ ਸਰਕਾਰੀ ਡਿਸਪੈਂਸਰੀ ਬਾਰੇ ਜਾਣਕਾਰੀ ਮਿਲੀ। ਪਿੰਡ ਵਾਸੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਥੇ ਨਾ ਕੋਈ ਡਾਕਟਰ, ਨਰਸ ਜਾਂ ਕੰਪਾਉਡਰ ਹੈ। ਕਰਮਚਾਰੀ ਦੇ ਨਾਂਅ ਤੇ ਇਥੇ ਸਿਰਫ ਦਰਜਾ ਚਾਰ ਹੀ ਹੈ। ਜੋ ਹਸਪਤਾਲ ਦੀ ਸਫਾਈ ਤੋਂ ਲੈ ਕੇ ਮਰੀਜ਼ਾਂ ਦੀ ਚੈਕਅਪ ਕਰਦਾ ਹੈ। ਪਿੰਡ ਵਾਸੀਆਂ ਦਸਿਆ ਕਿ ਇਥੋਂ ਸਿਰਫ ਪਰਚੀ ਹੀ ਬਣਦੀ ਹੈ। ਦਵਾਈ ਤਾਂ ਬਜ਼ਾਰੋਂ (ਸ਼ਹਿਰੋਂ) ਲਿਆਉਣੀ ਪੈਂਦੀ ਹੈ।

**WHEATON**

**PONTIAC BUICK GMC LTD.**

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜੀਪੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਝੰਡ

# ਦਰਬਾਰ ਸਾਹਿਬ ਕੰਪਲੈਕਸ

ਦਰਬਾਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਮੁੱਢ ਤੋਂ ਹੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਚਲਾਇਆ ਜਾ ਰਿਹਾ ਹੈ ਅਤੇ ਇਸ ਦੇ ਸਪੁਰਦ ਹੀ ਕੀਤਾ ਜਾਣਾ ਚਾਹੀਦਾ ਹੈ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਕ ਚੁਣਿਆਂ ਹੋਇਆ ਅਦਾਰਾ ਹੈ ਅਤੇ ਜੇ ਕਿਸੇ ਕਾਨੂੰਨੀ ਪੁਜ਼ੀਸ਼ਨ ਕਾਰਨ ਮੌਜੂਦਾ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਆਪਣੀ ਮਿਆਦ ਪੁਗਾ ਚੁਕੀ ਹੈ ਤਾਂ ਫੇਰ ਇਸ ਅਦਾਰੇ ਦੀਆਂ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਲਈ ਕਦਮ ਪੁਟਣੇ ਚਾਹੀਦੇ ਹਨ ਪਰ ਚੋਣਾਂ ਹੋਣ ਤੱਕ ਇਸ ਦੀ ਸਪੁਰਦਗੀ ਅਜੋਕੇ ਅਹੁਦੇਦਾਰਾਂ ਕੋਲ ਹੀ ਰਹਿਣੀ ਚਾਹੀਦੀ ਹੈ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਅੱਤਵਾਦੀ ਤੱਤਾਂ ਦੇ ਸਫਾਏ ਤੋਂ ਪਿਛੋਂ ਜ਼ਿਲਾ ਅਧਿਕਾਰੀਆਂ ਨੇ ਇਹ ਪਹੁੰਚ ਅਪਣਾਈ ਕਿ ਹਰਮੰਦਰ ਸਾਹਿਬ ਕੰਪਲੈਕਸ ਦਾ ਪ੍ਰਬੰਧ ਛੇਤੀ ਤੋਂ ਛੇਤੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ। ਪਰ ਇਹ ਕੁਝ ਕਰਨ ਤੋਂ ਪਹਿਲਾਂ ਸ਼ਰੋਮਣੀ ਕਮੇਟੀ ਨੂੰ ਕਿਹਾ ਗਿਆ ਕਿ ਉਹ ਆਪਣੇ ਵਲੋਂ ਕੁਝ ਜ਼ੁਮੇਵਾਰੀਆਂ ਨਿਭਾਵੇ। ਪਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਹ ਜ਼ੁਮੇਵਾਰੀਆਂ ਸੰਭਾਲਣ ਲਈ ਹਾਲੇ ਤੱਕ ਤਿਆਰ ਨਹੀਂ ਹੋਈ।

ਜਦੋਂ ਇਸ ਤਰਾਂ ਦੀ ਅਵਸਥਾ ਚਲ ਰਹੀ ਹੈ ਤਾਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਦਰ ਇਕ ਨਵੀਂ ਕਿਸਮ ਦਾ ਵਾਦ-ਵਿਵਾਦ ਚਲ ਪਿਆ ਹੈ ਜਿਹੜਾ ਕਿ ਹਰ ਲੰਘਦੇ ਦਿਨ ਨਾਲ ਗੁੰਝਲਦਾਰ ਹੀ ਹੁੰਦਾ ਜਾ ਰਿਹਾ ਹੈ।

ਜਿਥੋਂ ਤੱਕ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਸਬੰਧ ਹੈ ਇਸ ਸਬੰਧ ਵਿਚ ਹਾਲੇ ਇਹ ਆਖਰੀ ਫੈਸਲਾ ਨਹੀਂ ਹੋ ਸਕਿਆ ਕਿ ਕਿਹੜੀ ਸ਼ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਹਕੀਕੀ ਹੈ ਤੇ ਕਿਹੜੀ ਨਹੀਂ।

ਅਨੰਦਪੁਰ ਸਾਹਿਬ ਵਿਖੇ ਪਿਛਲੇ ਸਾਲ ਮੁਕਾਬਲੇ ਦੇ ਸਮਾਗਮ ਹੋਏ ਸਨ ਤੇ ਉਹਨਾਂ ਵਿਚ ਵਖੋ ਵਖਰੇ ਅਹੁਦੇਦਾਰ ਚੁਣੇ ਗਏ ਸਨ। ਇਕ ਧੜੇ ਨੇ ਸ੍ਰੀ ਗੁਰਚਰਨ ਸਿੰਘ ਟੌਹੜਾ ਨੂੰ ਆਪਣਾ ਪਰਧਾਨ ਚੁਣਿਆਂ ਸੀ ਜਦ ਕਿ ਦੂਸਰੇ ਧੜੇ ਦਾ ਹਰਚਰਨ ਸਿੰਘ ਹੁਡਿਆਰਾ। ਇਸ ਤਰਾਂ ਮੁਕਾਬਲੇ ਦੀਆਂ ਦੋ ਕਮੇਟੀਆਂ ਬਣਨ ਤੋਂ ਪਿਛੋਂ ਸਰਕਾਰ ਲਈ ਇਹ ਫੈਸਲਾ ਕਰਨਾ ਸੀ ਕਿ ਕਿਹੜੀ ਕਮੇਟੀ ਨੂੰ ਕਾਨੂੰਨੀ ਪੁਜ਼ੀਸ਼ਨ ਹਾਸਲ ਹੈ ਅਤੇ ਕਿਸ ਨੂੰ ਨਹੀਂ। ਇਹ ਸਾਰਾ ਮਾਮਲਾ ਅਜੇ ਤੱਕ ਲਟਕਦਾ ਚਲਾ ਆ ਰਿਹਾ ਹੈ।

ਸਰਕਾਰ ਵਲੋਂ ਅਜਿਹਾ ਫੈਸਲਾ ਨਾ ਹੋਣ ਦੀ ਸੂਰਤ ਵਿਚ ਜਿਹੜਾ ਕੋਈ ਗਰੁਪ ਵੀ ਇਹ ਦਾਅਵਾ ਕਰਦਾ ਹੈ ਕਿ ਉਸਦਾ ਧੜਾ ਹੀ ਹਕੀਕੀ ਹੈ ਤਾਂ ਉਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਉਹਨਾਂ ਜ਼ੁਮੇਵਾਰੀਆਂ ਨੂੰ ਨਿਭਾਵੇ ਜਿਹੜੀਆਂ ਕਿ ਇਸ ਇਤਿਹਾਸਕ ਸਿਖ ਅਸਥਾਨ ਜਾਂ ਹੋਰ ਇਤਿਹਾਸਕ ਗੁਰਦਵਾਰਿਆਂ ਦਾ ਪ੍ਰਬੰਧ ਚਲਾਉਣ ਲਈ ਜ਼ਰੂਰੀ ਬਣਦੀਆਂ ਹਨ।

ਪਿਛਲੇ ਸਮੇਂ ਦਾ ਤਜਰਬਾ ਕੀ ਹੈ ? ਸ਼ਰੋਮਣੀ ਗੁਰ-ਦਵਾਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੇ ਨੱਕ ਸਾਹਮਣੇ ਨਾ ਕੇਵਲ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੱਤਵਾਦੀ ਤੱਤਾਂ ਦੀ ਪਨਾਹ-ਗਾਹ ਹੀ ਬਣਿਆਂ ਰਿਹਾ ਸਗੋਂ ਇਸ ਧਾਰਮਕ ਅਸਥਾਨ ਤੋਂ ਦੇਸ ਧਰੋਹੀ ਪਰਚਾਰ ਹੁੰਦਾ ਰਿਹਾ।

ਗੱਲ ਏਥੇ ਹੀ ਨਹੀਂ ਮੁੱਕ ਜਾਂਦੀ। ਇਸ ਧਾਰਮਕ ਅਸਥਾਨ ਅੰਦਰ ਹੋਰ ਕਈ ਤਰਾਂ ਦੇ ਅਪਰਾਧ ਹੁੰਦੇ ਰਹੇ ਜਿੰਨਾਂ ਦਾ ਸਿੱਖ ਧਰਮ ਤੇ ਇਸ ਦੇ ਅਸੂਲ ਆਗਿਆ ਨਹੀਂ ਦਿੰਦੇ। ਇਸ ਸਬੰਧ ਵਿਚ ਬਹੁਤ ਸਾਰੇ ਤੱਥ ਸਾਹਮਣੇ ਆ ਚੁਕੇ ਹਨ। ਜਿਹੜੇ ਬਹੁਤ ਸਾਰੇ ਹਾਲੇ ਲੁਕਵੇਂ ਹਨ ਉਹ ਵੀ ਲੋਕਾਂ ਸਾਹਮਣੇ ਆ ਜਾਣਗੇ।

ਜਦੋਂ ਸ਼ਰੋਮਣੀ ਗੁਰਦਵਾਰਾ ਕਮੇਟੀ ਦਾ ਇਕ ਤਰਾਂ ਨਾਲ ਜ਼ਿਲਾ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨਾਲ ਇਸ ਧਾਰਮਿਕ ਅਦਾਰੇ ਦਾ ਪਰਬੰਧ ਸੰਭਾਲਣ ਸਬੰਧੀ ਵਾਦ ਵਿਵਾਦ ਚਲ ਰਿਹਾ ਹੈ ਅਤੇ ਨਾਲ ਹੀ ਓਹਾਂ ਗਰੁਪਾਂ ਵਿਚਕਾਰ ਵਾਦ-ਵਿਵਾਦ ਜਾਰੀ ਹੈ ਤਾਂ ਉਸ ਹਾਲਤ ਵਿਚ ਇਕ ਨਵੀਂ ਅਵਸਥਾ ਪੈਦਾ ਹੋਈ। ਇਹ ਅਵਸਥਾ ਸੀ ਸ੍ਰੀ ਹਰਮੰਦਰ ਸਾਹਿਬ ਕੰਪ-ਲੈਕਸ ਦਵਾਲੇ ਗਲਿਆਰਾ ਬਨਾਉਣ ਦੀ ਸਕੀਮ ਦੀ। ਇਸ ਸਕੀਮ ਤਹਿਤ ਭਾਵੇਂ ਆਲੇ ਦੁਆਲੇ ਤੋਂ ਲੋਕਾਂ ਦਾ ਕਾਫੀ ਉਜਾੜਾ ਹੋਇਆ ਹੈ ਪਰ ਸਰਕਾਰ ਨੇ ਉਜੜਨ ਵਾਲਿਆਂ ਨੂੰ ਯੋਗ ਮੁਆਵਜ਼ਾ ਦੇ ਦਿੱਤਾ ਹੈ। ਇਸ ਸਾਰੀ ਸਕੀਮ ਤਹਿਤ ਜਹੜਾ ਵੀ ਆਖਰੀ ਨਕਸ਼ਾ ਸਾਹਮਣੇ ਆਵੇਗਾ ਉਸ ਅਨੁਸਾਰ ਇਹ ਧਾਰਮਕ ਅਸਥਾਨ ਹੋਰ ਵੀ ਖ਼ੂਬਸੂਰਤ ਹੋ ਜਾਵੇਗਾ। ਪਰ ਸਰਕਾਰ ਦੀ ਇਸ ਸਕੀਮ ਦਾ ਕੁਝ ਹਲਕੇ ਵਿਰੋਧ ਕਰ ਰਹੇ ਹਨ। ਅਜਿਹੀ ਵਿਰੋਧਤਾ ਨਿਰ-ਆਧਾਰ ਹੈ।

ਏਸੇ ਹੀ ਸਬੰਧ ਵਿਚ ਇਹ ਗੱਲ ਵੀ ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਦੀ ਇਮਾਰਤ ਨੂੰ ਢੰਗੀ

ALWAYS REMEMBER
ROYAL FURNITURE LTD.
ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ
ਰੌਇਲ ਫਰਨੀਚਰ ਲਿਮ:
ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਬ ਕੀਮਤਾਂ
2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.
Ph. 874-9525
● ਲਿਵਿੰਗ ਰੂਮ ● ਡਾਇਨਿੰਗ ਰੂਮ
● ਬੈਡ ਰੂਮ ਅਤੇ
ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ਰੀਦੋ
ROYAL FURNITURE

PAUL TOOR

ਬਨਾਉਣ ਲਈ ਦੋ ਪਾਸਿਆਂ ਤੋਂ (ਘੰਟਾ ਘਰ ਤੋਂ ਲੈਕੇ ਖੱਬੇ ਹੱਥ ਗੁਰੂ ਰਾਮਦਾਸ ਸਰਾਂ ਤੱਕ) ਲਾਗਲੇ ਮਕਾਨ ਢਾਹ ਚੁਕੀ ਹੈ ਅਤੇ ਰਸਤਾ ਖੁਲ੍ਹਾ ਕਰ ਚੁਕੀ ਹੈ। ਸੁਆਲ ਉਠਦਾ ਹੈ ਕਿ ਜੇ ਹੁਣ ਇਸ ਕਿਸਮ ਦਾ ਯਤਨ ਸਰਕਾਰ ਵਲੋਂ ਹੋ ਰਿਹਾ ਹੈ ਤਾਂ ਉਸਦਾ ਵਿਰੋਧ ਕਿਉਂ ?

ਸਾਡੀ ਰਾਏ ਵਿਚ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਜਿਹੜੇ ਵੀ ਹਕੀਕੀ ਸ਼ਰੋਮਣੀ ਗੁਰਦਵਾਰਾ ਕਮੇਟੀ ਹੋਣ ਦਾ ਦਾਅਵਾ ਕਰਦੇ ਹਨ ਉਹਨਾਂ ਨੂੰ ਕੁਝ ਗੱਲਾਂ ਦਾ ਐਲਾਨ ਕਰਨਾ ਚਾਹੀਦਾ ਹੈ ਕਿ ਉਹ ਅਜਿਹਾ ਪ੍ਰਬੰਧ ਸਥਾਪਤ ਕਰਨਗੇ ਜਿਸ ਤਹਿਤ ਨਾ ਹੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਹਥਿਆਰ ਆਦਿ ਜਾ ਸਕਣ ਅਤੇ ਨਾ ਹੀ ਏਥੇ ਕੋਈ ਅਜਿਹਾ ਵਿਅਕਤੀ ਪਨਾਹ ਲੈ ਸਕੇ ਜਿਹੜਾ ਕਿ ਦੋਸ਼ੀ ਹੈ। ਇਸ ਤੋਂ ਬਿਨਾਂ ਇਸ ਥਾਂ ਤੋਂ ਅਜਿਹਾ ਪਰਚਾਰ ਕਰਨ ਦੀ ਆਗਿਆ ਵੀ ਨਾ ਹੋਵੇ ਜਿਹੜਾ ਕਿ ਦੇਸ਼ ਦੇ ਵਿਧਾਨ ਨੂੰ ਚੈਲਿੰਜ ਕਰਦਾ ਹੋਵੇ।

ਜਿਹੜੀ ਵੀ ਨਵੀਂ ਅਵਸਥਾ ਪੈਦਾ ਹੋ ਗਈ ਹੈ ਉਸ ਵਿਚ ਅਕਾਲੀ ਆਗੂਆਂ ਅਤੇ ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਕੁਝ ਜੁੰਮੇਂਵਾਰੀਆਂ ਹਰ ਹਾਲਤ ਵਿਚ ਨਿਭਾਉਣੀਆਂ ਚਾਹੀਦੀਆਂ ਹਨ।

ਜਦੋਂ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਦਾ ਪਰਬੰਧ ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਦੇ ਹਵਾਲੇ ਕਰਨ ਸਬੰਧੀ ਵਿਚਾਰ ਚਰਚਾ ਚਲ ਰਹੀ ਹੈ ਅਤੇ ਪੰਜਾਬ ਸਰਕਾਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਕੁਝ ਸ਼ਰਤਾਂ ਪੂਰੀਆਂ ਕਰਨ ਲਈ ਕਹਿ ਰਹੀ ਹੈ ਤਾਂ ਉਸ ਮੌਕੇ ਉਤੇ ਜਿਹੜਾ ਨਵਾਂ ਵਾਦ-ਵਿਵਾਦ ਸ਼ਿਵ ਸੈਨਾ ਵਾਲਿਆਂ ਨੇ ਛੇੜਿਆ ਹੈ ਉਹ ਬਹੁਤ ਹੀ ਗਲਤ ਅਤੇ ਭੜਕਾਹਟ ਪੈਦਾ ਕਰਨ ਵਾਲਾ ਹੈ।

ਕੁਲ ਹਿੰਦ ਹਿੰਦੂ ਸ਼ਿਵ ਸੈਨਾ ਨੇ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਸਥਿਤ ਦਰਬਾਰ ਸਾਹਿਬ ਦਾ ਪਰਬੰਧ ਅਜਿਹੇ ਬੋਰਡ ਨੂੰ ਸੌਂਪਿਆ ਜਾਵੇ ਜਿਹਨਾਂ ਵਿਚ ਸਿੱਖਾਂ ਤੋਂ ਇਲਾਵਾ ਹਿੰਦੂਆਂ ਅਤੇ ਹੋਰਨਾਂ ਫਿਰਕਿਆਂ ਦੇ ਲੋਕ ਵੀ ਸ਼ਾਮਲ ਹੋਣ। ਇਹ ਮੰਗ ਇਸ ਜਥੇਬੰਦੀ ਦੇ ਪਰਧਾਨ ਸੁਰਿੰਦਰ ਕੁਮਾਰ ਬਿਲਾ ਵਲੋਂ ਪਿਛਲੇ ਦਿਨ ਦਿੱਲੀ ਵਿਖੇ ਕੀਤੀ ਗਈ ਪਰੈਸ ਕਾਨਫਰੰਸ ਵਿਚ ਕੀਤੀ ਗਈ।

ਸ੍ਰੀ ਸੁਰਿੰਦਰ ਕੁਮਾਰ ਬਿੱਲਾ ਨੇ ਪੰਜਾਬ ਵਿਚ ਅੱਤ-ਵਾਦੀ ਸਰਗਰਮੀਆਂ ਨੂੰ ਕੰਟਰੋਲ ਕਰਨ ਅਤੇ ਪਾਕਿਸਤਾਨ ਤੋਂ ਆ ਰਹੀ ਹਥਿਆਰਾਂ ਦੀ ਮਦਦ ਰੋਕਣ ਸਬੰਧੀ ਸਰਹੱਦ ਤੇ ਚੌਕਸੀ ਵਧਾਉਣ ਅਤੇ ਕੰਡੇਦਾਰ ਤਾਰ ਵਡਾਉਣ ਦਾ ਕੰਮ ਹੰਗਾਮੀ ਪੱਧਰ ਉਤੇ ਮੁਕੰਮਲ ਕਰਨ ਉਤੇ ਵੀ ਜ਼ੋਰ ਦਿਤਾ।

ਸਾਡੀ ਰਾਏ ਵਿਚ ਹਿੰਦੂ ਸ਼ਿਵ ਸੈਨਾ ਦੇ ਕੁਲ ਹਿੰਦ ਮੁਖੀ ਨੂੰ ਆਪਣੇ ਆਪ ਨੂੰ ਪੰਜਾਬ ਵਿਚ ਅਮਨ ਕਾਨੂੰਨ ਅਤੇ ਪੰਜਾਬ ਦੇ ਸਿਆਸੀ ਮਸਲੇ ਤਕ ਹੀ ਸੀਮਤ ਰਖਣਾ ਚਾਹੀਦਾ ਸੀ ਅਤੇ ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਜਾਂ ਹਰਮੰਦਰ ਸਾਹਿਬ ਦੇ ਪ੍ਰਵੰਧ ਬਾਰੇ ਇਸ ਤਰਾਂ ਦੀ ਟਿਪਣੀ ਨਹੀਂ ਸੀ ਕਰਨੀ ਚਾਹੀਦੀ ਜਿਸ ਤਰਾਂ ਦੀ ਕਿ ਉਹਨਾਂ ਨੇ ਕੀਤੀ ਹੈ।

ਇਸ ਕਿਸਮ ਦੀਆਂ ਟਿਪਣੀ ਨਾਲ ਕੇਵਲ ਉਹਨਾਂ ਤੱਤਾਂ ਨੂੰ ਹੀ ਬਲ ਮਿਲਦਾ ਹੈ ਜਿਹੜੇ ਕਿ ਸਰਕਾਰ ਨੂੰ ਆਨੇ-ਬਹਾਨੇ ਸਿਖ ਮਾਮਲਿਆਂ ਵਿਚ ਦਖਲ ਅੰਦਾਜ਼ੀ ਲਈ ਕੋਸਦੇ ਚਲੇ ਆ ਰਹੇ ਹਨ।

ਸਾਡੀ ਰਾਏ ਵਿਚ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਦੀ ਸਪੁਰਦਗੀ ਲੈਣ ਅਤੇ ਦੇਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲਚਕਦਾਰ ਪਹੁੰਚ ਅਪਨਾਉਣੀ ਚਾਹੀਦੀ ਹੈ ਅਤੇ ਇਹ ਮਾਮਲਾ ਛੇਤੀ ਤੋਂ ਛੇਤੀ ਕਿਸੇ ਸਿਰੇ ਲਗ ਜਾਣਾ ਚਾਹੀਦਾ ਹੈ।

ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਉਤੇ ਦਾਅਵਾ ਜਤਲਾਉਣ ਵਾਲੇ ਸਭਨਾਂ ਨੂੰ ਹੀ ਬੀਤੇ ਤੋਂ ਸਬਕ ਸਿਖਣਾ ਚਾਹੀਦਾ ਹੈ ਅਤੇ ਅਗੇ ਤੋਂ ਅਜਿਹੇ ਦਲੇਰ ਫੈਸਲੇ ਲੈਣੇ ਚਾਹੀਦੇ ਹਨ ਜਿਹੜੇ ਕਿ ਹਾਲਾਤ ਅਨੁਸਾਰ ਜ਼ਰੂਰੀ ਹਨ।

# ਪੰਜਾਬ ਹੋਰ 6 ਮਹੀਨਿਆਂ ਲਈ ਗੜਬੜ ਵਾਲਾ ਖੇਤਰ ਘੋਸ਼ਤ

ਚੰਡੀਗੜ੍ਹ, 20 ਜੂਨ (ਪੀ. ਟੀ. ਆਈ.) – ਪੰਜਾਬ ਸਰਕਾਰ ਨੇ ਸਮੁੱਚੇ ਪੰਜਾਬ ਨੂੰ ਹਥਿਆਰਬੰਦ ਫੌਜਾਂ (ਪੰਜਾਬ ਤੇ ਚੰਡੀਗੜ੍ਹ) ਵਿਸ਼ੇਸ਼ ਅਧਿਕਾਰਾਂ ਬਾਰੇ ਕਾਨੂੰਨ, 1983 (1983 ਦਾ ਕੇਂਦਰੀ ਕਾਨੂੰਨ ਨੰਬਰ 34) ਦੀ ਧਾਰਾ 3 ਅਧੀਨ ਹੋਰ ਛੇ ਮਹੀਨੇ ਲਈ ਗੜਬੜ ਮਾਰਿਆ ਇਲਾਕਾ ਕਰਾਰ ਦੇ ਦਿਤਾ ਹੈ।

ਇਹ ਜਾਣਕਾਰੀ ਦਿੰਦੇ ਹੋਏ, ਗ੍ਰਹਿ ਵਿਭਾਗ ਦੇ ਤਰਜਮਾਨ ਨੇ ਕਿਹਾ ਕਿ 24 ਜੂਨ ਤੋਂ ਇਹ ਹੁਕਮ ਛੇ ਮਹੀਨਿਆਂ ਲਈ ਲਾਗੂ ਰਹਿਣਗੇ।

ਤਰਜਮਾਨ ਨੇ ਕਿਹਾ ਕਿ ਸਭ ਤੱਥਾਂ ਤੇ ਹਾਲਤਾਂ ਦੀ ਘੋਖ ਕਰਕੇ ਸਰ-ਕਾਰ ਦਾ ਇਹ ਵਿਚਾਰ ਬਣਿਆ ਹੈ ਕਿ ਸਮੁੱਚੇ ਪੰਜਾਬ ਦਾ ਇਲਾਕਾ ਅਜਿਹੀ ਸਥਿਤੀ ਵਿਚ ਹੈ ਜਿਹੜਾ ਇਸ ਗੱਲ ਨੂੰ ਜ਼ਰੂਰੀ ਬਣਾ ਦਿੰਦਾ ਹੈ ਕਿ ਨਾਗਰਿਕ ਪ੍ਰਬਾਸਨ ਦੀ ਇਮਦਾਦ ਲਈ ਫੌਜ ਦੀ ਵਰਤੋਂ ਕੀਤੀ ਜਾਵੇ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ


# UJJAL DOSANJH
## LAWYER

**#202—5887 VICTORIA DRIVE,**
**VANCOUVER, B.C. V5P 3W5**

**ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ**

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

**PHONE 327-6381**

# ਪੰਜਾਬ ਕਿਸਾਨ ਸਭਾ ਵੱਲੋਂ ਬਿਜਲੀ ਅਤੇ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੀ ਮੰਗ

ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਸਾਥੀ ਮੋਹਣ ਸਿੰਘ ਜੰਡਿਆਲਾ ਅਤੇ ਜਨਰਲ ਸਕੱਤਰ ਸਾਥੀ ਸਰਵਣ ਸਿੰਘ ਚੀਮਾਂ ਨੇ ਇਕ ਸਾਂਝੇ ਬਿਆਨ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਦਰਪੇਸ਼ ਸਿੰਚਾਈ ਦੀਆਂ ਮੁਸ਼ਕਲਾਂ ਉਪਰ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਲਗਾਤਾਰ ਔੜ ਦੀ ਸਥਿਤੀ ਵਿਚ ਜਦੋਂ ਕਿ ਝੋਨਾ ਲਾਉਣ ਦਾ ਸਮਾਂ ਤੇਜ਼ੀ ਨਾਲ ਲੰਘੀ ਜਾ ਰਿਹਾ ਹੈ, ਜ਼ਮੀਨੀ ਪਾਣੀ ਦੇ ਹੋਰ ਹੇਠਾਂ ਜਾਣ ਨਾਲ ਕਿਸਾਨਾਂ ਦੇ ਟਿਊਬਵੈਲ ਬੰਦ ਹੋਈ ਜਾ ਰਹੇ ਹਨ ਅਤੇ ਉਹਨਾਂ ਨੂੰ ਬਿਜਲੀ ਦੀ ਘਟ ਸਪਲਾਈ ਅਤੇ ਨਹਿਰੀ ਪਾਣੀ ਦੀ ਅਨਿਯਮਤ ਅਤੇ ਟੁਟਵੀਂ ਸਪਲਾਈ ਦੀਆਂ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪਹਿਲਾਂ ਲਗਾਇਆ ਹੋਇਆ ਝੋਨਾ ਸੁਕ ਰਿਹਾ ਹੈ ਅਤੇ ਚਾਰੇ ਦੀਆਂ ਲੋੜੀਂਦੀਆਂ ਫਸਲਾਂ ਅਜੇ ਬੀਜੀਆਂ ਨਹੀਂ ਗਈਆਂ।

ਦੋਨਾਂ ਆਗੂਆਂ ਨੇ ਕਿਹਾ ਕਿ ਨਹਿਰਾਂ ਅਤੇ ਸੂਇਆਂ ਦੇ ਬੰਨ੍ਹਾਂ ਦੀ ਯੋਗ ਸਾਂਭ ਸੰਭਾਲ ਨਾ ਹੋਣ ਕਾਰਣ ਪਾੜ ਪੈਣ ਅਤੇ ਧਨੀ ਕਿਸਾਨਾਂ ਵਲੋਂ ਨਹਿਰਾਂ ਤੇ ਸੂਏ ਆਪ ਤੋੜਨ ਦੀਆਂ ਗੰਭੀਰ ਸ਼ਿਕਾਇਤਾਂ ਮਿਲ ਰਹੀਆਂ ਹਨ ਜਿਸ ਕਾਰਣ ਟੇਲਾਂ ਤੱਕ ਪਾਣੀ ਪਹੁੰਚਦਾ ਹੀ ਨਹੀਂ। ਪਾਣੀ ਦੀ ਸਪਲਾਈ ਦੇ ਪੰਜਾਲ ਰਿਕਾਰਡ ਵੀ ਚੱੜ ਥੱਲ ਕਰਕੇ ਗਲਤ ਭਰ ਲਏ ਜਾਂਦੇ ਹਨ। ਨਹਿਰਾਂ ਲੰਬੇ ਸਮੇਂ ਲਈ ਲਈ ਬੰਦ ਰਹਿੰਦੀਆਂ ਹਨ ਜਿਥੋਂ ਤਕ ਬਿਜਲੀ ਦੀ ਸਪਲਾਈ ਦਾ ਸਬੰਧ ਹੈ ਇਹ ਅਨਿਯਮਤ ਅਤੇ ਲੋੜ ਤੋਂ ਬਹੁਤ ਘਟ ਮਿਲਦੀ ਹੈ। ਇਕ ਵਾਰ ਕੋਈ ਲਾਈਨ ਟੁਟ ਜਾਵੇ ਜਾਂ ਟਰਾਂਸਫਾਰਮਰ ਖਰਾਬ ਹੋ ਜਾਵੇ ਤਾਂ ਬਿਜਲੀ ਦੀ ਸਪਲਾਈ ਮੁੜ ਬਹਾਲ ਕਰਨ ਲਈ ਹਫਤੇ ਲਗ ਜਾਂਦੇ ਹਨ।

ਕਿਸਾਨ ਸਭਾ ਆਗੂਆਂ ਨੇ ਕਿਹਾ ਕਿ ਜੇ ਇਹ ਹਾਲਤ ਅਗਲੇ ਦੋ ਹਫਤਿਆਂ ਤਕ ਬਣੀ ਰਹੀ ਤਾਂ ਸਾਉਣੀ ਦੀ ਖਾਸਕਰ ਝੋਨੇ ਦੀ ਫਸਲ ਦਾ ਅਸਹਿ ਨੁਕਸਾਨ ਹੋਵੇਗਾ।

ਦੋਨਾਂ ਆਗੂਆਂ ਨੇ ਮੰਗ ਕੀਤੀ ਟਿਊਬਵੈਲਾਂ ਲਈ ਘਟੋ ਘਟ 18 ਘੰਟੇ ਪ੍ਰਤੀ ਦਿਨ ਬਿਜਲੀ ਦੀ ਬੇਰੋਕ ਸਪਲਾਈ ਅਤੇ ਸੂਇਆਂ ਦੀਆਂ ਟੇਲਾਂ ਤੱਕ ਨਹਿਰੀ ਪਾਣੀ ਦੀ ਪੂਰਣ ਨਿਯਮਿਤ ਸਪਲਾਈ ਯਕੀਨੀ ਬਣਾਉਣ ਲਈ ਯੋਗ ਕਦਮ ਚੁਕੇ ਜਾਣ ਅਤੇ ਨਹਿਰਾਂ ਦੀ ਸਾਂਭ ਸੰਭਾਲ ਵਾਲੇ ਸਟਾਫ ਨੂੰ ਅਤੇ ਬਿਜਲੀ ਬੋਰਡ ਨੂੰ ਨਹਿਰਾਂ ਦੇ ਟੁੱਟਣ ਅਤੇ ਬਿਜਲੀ ਦੀਆਂ ਲਾਈਨਾਂ ਦੇ ਟੁੱਟਣ ਲਈ ਜਿੰਮੇਵਾਰ ਠਹਿਰਾਇਆ ਜਾਵੇ।

ਸਾਥੀ ਜੰਡਿਆਲਾ ਅਤੇ ਸਾਥੀ ਚੀਮਾਂ ਨੇ ਆਪਣੇ ਬਿਆਨ ਵਿਚ ਅਗੇ ਕਿਹਾ ਕਿ ਨਹਿਰੀ ਵਿਭਾਗ ਵਲੋਂ ਸੂਇਆਂ ਦੇ ਟੁਟਣ ਦਾ ਦੋਸ਼ ਕਿਸਾਨਾਂ ਸਿਰ ਮੜ੍ਹਕੇ ਉਹਨਾਂ ਕੋਲੋਂ ਤਾਵਾਨ ਵਸੂਲ ਕਰਨ ਦੀਆਂ ਸ਼ਿਕਾਇਤਾਂ ਵੀ ਹਨ। ਇਸ ਤਰ੍ਹਾਂ ਸੂਇਆਂ ਦੀ ਦੇਖ ਭਾਲ ਕਰਨ ਵਿਚ ਆਪਣੀ ਅਸਫਲਤਾ ਤੇ ਪਰਦਾ ਪਾ ਕੇ ਨਹਿਰੀ ਵਿਭਾਗ ਕਿਸਾਨਾਂ ਨੂੰ ਤੰਗ ਕਰ ਰਿਹਾ ਹੈ ਅਤੇ ਆਪਣੇ ਸਟਾਫ ਦੀ ਗਲਤੀ ਲਈ ਕਿਸਾਨਾਂ ਨੂੰ ਜੁਰਮਾਨੇ ਕਰ ਰਿਹਾ ਹੈ। ਕਿਸਾਨ ਸਭਾ ਆਗੂਆਂ ਨੇ ਚਿਤਾਵਨੀ ਦਿਤੀ ਕਿ ਕਿਸਾਨ ਇਸ ਧਕੇਸ਼ਾਹੀ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਸਹਿਣ ਨਹੀਂ ਕਰਨਗੇ।

ਦੋਨਾਂ ਆਗੂਆਂ ਨੇ ਅਗੇ ਕਿਹਾ ਕਿ ਨਹਿਰੀ ਵਿਭਾਗ ਝੋਨੇ ਦੀ ਫਸਲ ਲਈ ਵਾਧੂ ਮੋਘੇ ਲਗਾਉਣ ਲਈ ਪੈਸੇ ਮੰਗ ਰਿਹਾ ਹੈ ਅਤੇ ਇਹ ਵੀ ਕਹਿ ਰਿਹਾ ਹੈ ਕਿ ਇਹਨਾਂ ਵਾਧੂ ਮੋਘਿਆਂ ਲਈ ਆਬਿਆਨਾ ਵਖ ਵਖ ਫਸਲਾਂ ਲਈ ਨਿਸ਼ਚਤ ਦਰ ਤੋਂ ਦੁਗਣਾ ਵਸੂਲਿਆ ਜਾਵੇਗਾ। ਉਹਨਾਂ ਕਿਹਾ ਕਿਹਾ ਕਿ ਸਾਨੂੰ ਸਰਕਾਰ ਦੇ ਇਸ ਫੈਸਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹਨਾਂ ਮੰਗ ਕੀਤੀ ਕਿ ਸਰਕਾਰ ਇਸ ਸਥਿਤੀ ਨੂੰ ਜਲਦੀ ਤੋਂ ਜਲਦੀ ਸਪਸ਼ਟ ਕਰੇ। ਉਹਨਾਂ ਦਸਿਆ ਕਿ ਕਿਸਾਨ ਇਨਾਂ ਮੋਘਿਆਂ ਲਈ ਵਾਧੂ ਪੈਸੇ ਦੇਣ ਨੂੰ ਤਿਆਰ ਨਹੀਂ ਹਨ।

ਉਨਾਂ ਮੰਗ ਕੀਤੀ ਕਿ ਜਿਹੜੇ ਕਿਸਾਨ ਥੋੜੇ ਸਮੇਂ ਅੰਦਰ ਸੌਖੇ ਢੰਗ ਤਰੀਕੇ ਨਾਲ ਆਪਣੇ ਖੂਹ ਡੂੰਘੇ ਕਰਨੇ ਚਾਹੁੰਦੇ ਹਨ, ਉਨਾਂ ਨੂੰ ਲੋੜੀਂਦੀ ਵਿਤੀ ਸਹਾਇਤਾ ਦਿਤੀ ਜਾਵੇ। ਦੋਨਾਂ ਆਗੂਆਂ ਨੇ ਪੰਜਾਬ ਸਰਕਾਰ ਅਤੇ ਸਬੰਧਤ ਪ੍ਰਸ਼ਾਸਨ ਤੇ ਜ਼ੋਰ ਦਿਤਾ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਅਗੇ ਆਵੇ।

ਦੋਨਾਂ ਕਿਸਾਨ ਸਭਾ ਆਗੂਆਂ ਨੇ ਕਿਸਾਨ ਸਭਾ ਦੀਆਂ ਇਕਾਈਆਂ ਨੂੰ ਸੱਦਾ ਦਿਤਾ ਹੈ ਕਿ ਦਬਾਅ ਪਾਉਣ ਲਈ ਪਹਿਲ ਕਦਮੀ ਲੈਣ।


## ਕਾਹਲੋਂ ਆਟੋ ਸਰਵਿਸ ਲਿਮਟਿਡ

## Kahlon Auto Service Ltd.

**11956 - 95A Ave. DELTA, B.C.**

**Ph. 585-1242**

**Special** Free Steam Cleaning With Every Brake Job.

call us today : ਹੁਣੇ ਫ਼ੋਨ ਕਰੋ : 585-1242 Mubarak A. Chaudhary

ਬਰੇਕਸ, ਟੀਊਨਅੱਪ, ਸਟੀਮ ਕਲੀਨਿੰਗ, ਇੰਜਨ ਰੀਬੈਲਡ ਦੇ ਮਾਹਰ

ਹਰ ਬਾਰ ਬਰੇਕਾਂ ਦਾ ਕੰਮ ਕਰਵਾਉਣ ਸਮੇਂ ਮੁਫਤ ਵਿਚ ਸਟੀਮ ਕਲੀਨਿੰਗ ਦੀ ਸਰਵਿਸ ਦਿੱਤੀ ਜਾਂਦੀ ਹੈ

**Complete Automotive Repairs**

**Special Prices On :—** Wheel Alignment ■ Tune-ups ■ Brakes ■ Steam Cleaning ■ Engine Rebuilding

# ਜੈਨੇਵਾ ਸਮਝੌਤਿਆਂ ਤੋਂ ਮਗਰੋਂ ਦਾ ਅਫਗਾਨਿਸਤਾਨ

## (ਇਜ਼ਵੈਸਤੀਆ ਦਾ ਰਾਜਨੀਤਕ ਪੱਤਰਪਰੇਰਕ)

ਚੌਦਾਂ ਅਪਰੈਲ ਦਾ ਦਿਨ ਨਿਰ-ਸੰਦੇਹ ਇਕ ਇਤਿਹਾਸਕ ਦਿਨ ਸੀ। ਇਸ ਦਿਨ ਅਫਗਾਨਿਸਤਾਨ ਬਾਰੇ ਰਾਜ-ਨੀਤਕ ਨਿਪਟਾਰੇ ਦੇ ਸਮਝੌਤੇ ਹੋਏ ਸੀ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ, ਮਿਖਾਇਲ ਗੋਰਬਾਚੇਵ ਨੇ ਕਿਹਾ ਕਿ ਕੌਮਾਂਤਰੀ ਸਿਟਿਆਂ ਦੇ ਪੱਖੋਂ ਇਹ ਘਟਨਾ ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਆਈ. ਐਨ. ਐਫ. ਸੰਧੀ ਜਿਹੀ ਹੈ।

ਸੋਵੀਅਤ ਯੂਨੀਅਨ ਨੇ ਅਫਗਾਨਿਸਤਾਨ ਤੋਂ ਫੌਜਾਂ 15 ਮਈ ਤੋਂ ਹਟਾਉਣੀਆਂ ਸ਼ੁਰੂ ਕਰ ਦਿਤੀਆਂ ਹਨ। ਫੌਜਾਂ ਦੀ ਵਾਪਸੀ ਨੌਂ ਮਹੀਨਿਆਂ ਦੇ ਅੰਦਰ, ਯਾਅਨੀ, 15 ਫਰਵਰੀ 1989 ਤਕ ਮੁਕੰਮਲ ਕਰ ਲਈ ਜਾਵੇਗੀ। ਵਾਪਸੀ ਦੀ ਤਾਰੀਖ ਦੇ ਪਹਿਲੇ ਤਿੰਨ ਮਹੀਨਿਆਂ ਅੰਦਰ ਅੱਧੇ ਫੌਜੀ ਅਫਗਾਨਿਸਤਾਨ ਤੋਂ ਚਲੇ ਜਾਣਗੇ।

ਜੈਨੇਵਾ ਲੜੀ ਅਫਗਾਨਿਸਤਾਨ ਦੇ ਅੰਦਰ ਨਹੀਂ ਸਗੋਂ ਇਸ ਦੇ ਆਲੇ ਦੁਆਲੇ ਦੀ ਸਮਸਿਆ ਦੇ ਕੌਮਾਂਤਰੀ ਪਹਿਲੂਆਂ ਦੇ ਨਬੇੜੇ ਲਈ ਇਕ ਚੌਖਟਾ ਪੇਸ਼ ਕਰਦੀ ਹੈ। ਵਿਰੋਧੀ ਟੋਲੀਆਂ ਵਿਚਕਾਰ ਘਰੇਲੂ ਸੰਘਰਸ਼ ਅਜੇ ਤਕ ਜਾਰੀ ਹੈ।

ਖੱਬੇ ਪੱਖੀ, ਕੱਟੜਪੰਥੀ ਬਿਰਤਕਣਾਂ ਨੂੰ ਅਤੇ ਅਪਰੈਲ 1978 ਦੇ ਇਨਕਲਾਬ ਤੋਂ ਮਗਰੋਂ ਹੋਈਆਂ ਵਧੀਕੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਪਰਧਾਨ ਨਜੀਬੁੱਲਾ ਹੇਠਲੀ ਅਫਗਾਨ ਲੀਡਰਸ਼ਿਪ ਨੇ ਕੌਮੀ ਮੇਲ-ਮਿਲਾਪ ਦੀ ਨੀਤੀ ਅਪਣਾਈ ਹੈ। ਇਸਲਾਮ ਨੂੰ 'ਪਵਿੱਤਰ ਧਰਮ' ਦਾ ਰਵਾਇਤੀ ਦਰਜਾ ਮੁੜ ਤੋਂ ਦਿਤਾ ਗਿਆ ਹੈ। ਅਫਗਾਨਿਸਤਾਨ ਆਪਣੀ ਬਦੇਸ਼ ਨੀਤੀ ਵਿਚ ਸੋਵੀਅਤ ਯੂਨੀਅਨ, ਚੀਨ, ਭਾਰਤ, ਪਾਕਿਸਤਾਨ ਅਤੇ ਈਰਾਨ ਸਮੇਤ ਆਪਣੇ ਸਾਰੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾਪੂਰਨ ਸਬੰਧਾਂ ਅਤੇ ਮਿਲਵਰਤਨ ਨੂੰ ਕਾਇਮ ਰਖਦਿਆਂ ਇਕ ਸੁਆਧੀਨ, ਗੁੱਟ-ਨਿਰਲੇਪ ਅਤੇ ਨਿਰਪੱਖ ਦੇਸ਼ ਬਣਨਾ ਚਾਹੁੰਦਾ ਹੈ। ਜਿਵੇਂ ਕਿ ਲੀਡਰਸ਼ਿਪ ਨੇ ਚਿਤਵਿਆ ਸੀ, ਅਫਗਾਨ ਵਿਵਸਥਾ ਵਿਚ ਰਲਵੀਂ ਆਰਥਕਤਾ ਦੇ ਨਾਲ ਨਾਲ ਰਾਜਨੀਤਕ ਖੇਤਰ ਵਿਚ ਬਹੁ-ਪਾਰਟੀ ਪਰਬੰਧ ਦਾ ਸੰਕੇਤ ਹੈ। ਇਹ ਸਭ ਕੁਝ ਕੌਮੀ ਮੇਲ-ਮਿਲਾਪ ਦੀ ਨੀਤੀ ਲਈ ਇਕ ਠੋਸ ਆਧਾਰ ਮੁਹਈਆ ਕਰਦਾ ਹੈ।

ਡਾਬਕੰਦ ਮੀਟਿੰਗ ਤੋਂ ਮਗਰੋਂ ਪਰਕਾਸ਼ਿਤ ਹੋਏ ਮਿਖਾਇਲ ਗੋਰਬਾਚੇਵ ਅਤੇ ਨਜੀਬਉੱਲਾ ਦੇ ਸਾਂਝੇ ਬਿਆਨ ਵਿਚ ਕੌਮੀ ਮੇਲ-ਮਿਲਾਪ ਦੀ ਵਿਉਂਤ ਨੂੰ ਭਰਾ-ਘਾਤਕ ਜੰਗ ਖਤਮ ਕਰਨ, ਅਫਗਾਨਿਸ-ਤਾਨ ਦੇ ਸਮੁਚੇ ਇਲਾਕੇ ਵਿਚ ਅਮਨ ਕਾਇਮ ਕਰਨ ਅਤੇ ਅਫਗਾਨ ਸਮਾਜ ਦੇ ਸਾਰੇ ਧੜਿਆਂ, ਜਿਹਨਾਂ ਵਿਚ ਲੜ ਰਹੇ ਵਿਰੋਧੀ ਧੜੇ ਵੀ ਸ਼ਾਮਲ ਹਨ, ਦੀ ਨੁਮਾਇੰਦਗੀ ਵਾਲੀ ਇਕ ਮਿਲੀ-ਜੁਲੀ ਸਰਕਾਰ ਕਾਇਮ ਕਰਨ ਦੀ ਨੀਤੀ ਕਿਹਾ ਗਿਆ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਬਿਹ-ਤਰੀ ਲਈ ਕੁਝ ਤਬਦੀਲੀਆਂ ਹੋਈਆਂ ਹਨ। ਕੁਝ ਸ਼ਰਨਾਰਥੀ ਵਤਨ ਪਰਤ ਆਏ ਹਨ, ਭਾਵੇਂ ਕਿ ਉਹਨਾਂ ਦੀ ਗਿਣਤੀ ਬਹੁਤ ਹੀ ਘਟ ਹੈ। (ਇਕੱਲੇ ਪਾਕਿਸ-ਤਾਨ ਵਿਚ ਹੀ ਲਗਭਗ 30 ਲੱਖ ਸ਼ਰਨਾਰਥੀ ਹਨ)। ਕੁਝ ਪਰਭਾਵਸ਼ਾਲੀ ਅਫਗਾਨਾਂ ਨੇ, ਜਿਹੜੇ ਹੁਣ ਤਕ ਸਰਕਾਰ ਦਾ ਵਿਰੋਧ ਕਰ ਰਹੇ ਸੀ, ਵਖ-ਵਖ ਪਧਰਾਂ ਉਤੇ ਸਰਕਾਰ ਵਿਚ ਸ਼ਾਮਲ ਹੋਣ ਲਈ ਹਥਿਆਰ ਸੁੱਟ ਦਿਤੇ ਹਨ। ਪਰ ਪਾਕਿਸਤਾਨੀ ਇਲਾਕੇ ਤੋਂ ਕਾਰਵਾਈ ਕਰ ਰਹੀਆਂ ਮੁੱਖ ਵਿਰੋਧੀ ਤਾਕਤਾਂ ਜਿਹੜੀਆਂ 'ਸੱਤ ਦੇ ਇਤਿਹਾਦ' ਦੇ ਤੌਰ ਉਤੇ ਵਿਆ-ਪਕ ਰੂਪ ਵਿਚ ਪਰਸਿਧ ਹਨ, 'ਕਮਿਊ-ਨਿਸਟਾਂ' ਨਾਲ ਮੇਲ-ਮਿਲਾਪ ਦੀਆਂ ਪੱਕੀ ਵਿਰੋਧੀ ਹਨ ਅਤੇ ਮਿਲੀ-ਜੁਲੀ ਸਰਕਾਰ ਵਿਚ ਸ਼ਾਮਲ ਹੋਣ ਦੇ ਕਾਬੁਲ ਦੇ ਸੱਦੇ ਨੂੰ ਪਰਵਾਨ ਨਹੀਂ ਕਰਦੀਆਂ। ਉਹਨਾਂ ਨੇ ਆਪਣੇ ਹਥਿਆਰ ਨਹੀਂ ਸੁਟੇ ਹਨ ਅਤੇ ਭਵਿੱਖ ਵਿਚ ਇਉਂ ਨਹੀਂ ਕਰਨਗੀਆਂ।

ਅਫਗਾਨ ਬਾਗੀਆਂ ਤੋਂ ਉਲਟ ਵਾਸ਼ਿੰਗਟਨ ਨੇ ਜੈਨੇਵਾ ਸਮਝੌਤੇ ਪਰਵਾਨ ਕੀਤੇ ਹਨ ਅਤੇ ਉਹਨਾਂ ਉਤੇ ਦਸਖਤ ਕੀਤੇ ਹਨ। ਪਰ ਭਰਾਘਾਤਕ ਖੂਨ-ਖਰਾਬੇ ਨੂੰ ਵਧਾਉਣ ਅਤੇ ਜਾਰੀ ਰਖਣ ਦੀ ਲੋੜ ਵਿਚ ਉਸਦੀ ਬਾਗੀਆਂ ਨਾਲ ਸਹਿਮਤੀ ਹੈ।

ਸੰਖੇਪ ਵਿਚ ਕਹਿੰਦਿਆਂ, ਇਹ ਗਲ ਇਕ ਵਾਰ ਫਿਰ ਸਿਧ ਕਰਨ ਲਈ ਕਿ ਖੇਤਰੀ ਝਗੜੇ ਖਤਮ ਕਰਨ ਵਲ ਦਾ ਰਾਹ ਰਾਜਨੀਤਕ ਨਿਪਟਾਰਾ ਹੀ ਹੈ, ਜੈਨੇਵਾ ਵਿਖੇ ਸਹੀ ਦਿਸ਼ਾ ਵਲ ਇਕ ਅਹਿਮ ਕਦਮ ਪੁਟਿਆ ਗਿਆ ਸੀ। ਪਰ ਲੰਮੇ ਸਮੇਂ ਤੋਂ ਦੁੱਖ ਭੋਗ ਰਹੇ ਅਫਗਾਨਿ-ਸਤਾਨ ਦੇ ਲੋਕਾਂ ਲਈ ਅਜੇ ਸ਼ਾਂਤੀ ਕਾਫੀ ਦੂਰ ਦੀ ਗਲ ਹੈ। ਇਹ ਸਵਾਲ ਆਮ ਹੈ: ਅੱਗੇ ਕੀ ਹੋਵੇਗਾ?

---


MURRICK INSURANCE SERVICES LTD.

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

| ICBC AUTOPLAN | GENERAL | LIFE |
| --- | --- | --- |
| New licence plates | Homeowners | Term insurance |
| Decal renewal | Tenants package | Mortgage |
| Transfer of ownership | Mobile Home | Business |
| New registrations | Travel insurance | Non-smokers diet |
| Change of coverage | Boat | |

Autoplan
AUTHORIZED AGENT
SENIORS DISCOUNT

OPEN 9 to 5 (Mon.-Fri.) : 10-3 Sat.
6415 Main St., at 48th Vancouver
Call NARWAL 325-4744
325-4744

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
- Conveyancing
- To prepare mortgages
- To prepare contracts
- Translation
- Affidavits
- Power of Attorney
- Basic Will
- Immigration
- Adoption, Etc.

6415 Main St., (at 48th Ave.), Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.

6415 MAIN ST. (at 48th., AVE
VANCOUVER, B.C.

ਆਮ ਕਰਕੇ ਹਰ ਦੇਸ਼ ਵਿਚ ਕਈ ਰਾਜਨੀਤਕ ਪਾਰਟੀਆਂ ਹੁੰਦੀਆਂ ਹਨ ਇਹ ਵੱਖੋ ਵੱਖ ਰਾਜਨੀਤਕ ਆਰਥਿਕ ਪ੍ਰੋਗਰਾਮਾਂ ਨੂੰ ਲੈ ਕੇ ਲੋਕਾਂ ਸਾਹਮਣੇ ਆਉਂਦੀਆਂ ਹਨ। ਇਕ ਲੋਕਾਂ ਦੇ ਹਿਤਾਂ ਲਈ ਖਲੋਣ ਵਾਲੀਆਂ ਅਤੇ ਦੂਜੀਆਂ ਲੋਕਾਂ ਦੇ ਹਿਤਾਂ ਦੀਆਂ ਸਿਰਫ ਗੱਲਾਂ ਕਰਕੇ ਹੀ, ਉਨ੍ਹਾਂ ਨੂੰ ਪਿਛੇ ਲਾਕੇ, ਅਮਲ ਵਿਚ ਉਨ੍ਹਾਂ ਦੇ ਹਿਤਾਂ ਦੇ ਵਿਰੁਧ ਭੁਗਤਦੀਆਂ ਹਨ। ਇਨ੍ਹਾਂ ਪਾਰਟੀਆਂ ਵਿਚੋਂ ਜਿਹੜੀਆਂ ਪਾਰਟੀਆਂ, ਉਪਰ ਦਿੱਤੀਆਂ ਮਨੁੱਖੀ ਕਦਰਾਂ ਕੀਮਤਾਂ ਦੇ ਉਲਟ ਅਮਲ ਕਰਦੀਆਂ ਹਨ, ਆਪਣੇ ਤੰਗ ਰਾਜਸੀ ਹਿਤਾਂ ਦੀ ਪੂਰਤੀ ਲਈ ਅਤੇ ਰਾਜ ਸੱਤਾ ਵਿਚ ਆਉਣ ਜਾਂ ਰਾਜ ਸੱਤਾ ਉਪਰ ਕਬਜ਼ਾ ਕਰੀ ਰੱਖਣ ਲਈ, ਗੈਰ ਮਨੁੱਖੀ ਨੀਵਾਣਾਂ ਨੂੰ ਛੂਹ ਜਾਂਦੀਆਂ ਹਨ, ਉਨ੍ਹਾਂ ਦੀ 'ਦਿਖਾਵੇ' ਦੀ ਦੇਸ਼ ਭਗਤੀ ਲੋਕਾਂ ਨੂੰ ਅਤੰਕ ਦਾ ਨਿਸ਼ਾਨਾ ਬਣਾਉਂਦੀ ਹੋਈ, ਦੇਸ਼-ਧਰੋਹ ਦੇ ਸਿੱਟੇ ਵਿਚ ਜਾ ਨਿਕਲਦੀ ਹੈ।

ਦੇਸ਼ ਭਗਤੀ ਉਪਰ ਕਿਸੇ ਦੀ ਇਜਾਰੀਦਾਰੀ ਨਹੀਂ ਹੋ ਸਕਦੀ, ਪਰ ਜਿਹੜੀ ਪਾਰਟੀ ਜਾਂ ਵਿਅਕਤੀ ਬਹੁ-ਗਿਣਤੀ ਮਜ਼ਦੂਰਾਂ—ਕਿਸਾਨਾਂ ਅਤੇ ਆਮ ਮਿਹਨਤੀ ਲੋਕਾਂ ਦੇ ਹਿੱਤਾਂ ਲਈ ਅਤੇ ਉਨ੍ਹਾਂ ਦੀ ਏਕਤਾ ਅਤੇ ਪਰਸਪਰ ਸਦਭਾਵਨਾ ਲਈ ਸੰਘਰਸ਼ ਕਰਦੇ ਹਨ, ਉਹ ਦੇਸ਼ ਭਗਤ ਹੋਣ ਦਾ ਨਿਸਚੇ ਹੀ ਮਾਣ ਕਰ ਸਕਦੇ ਹਨ। ਉਹ ਲੋਕਾਂ ਵਲੋਂ ਸਨਮਾਨ ਵੀ ਪ੍ਰਾਪਤ ਕਰਦੇ ਹਨ। ਇਹ ਦੇਸ਼ ਭਗਤ ਸੰਘਰਸ਼ ਕਰਦੇ ਹੋਏ ਸ਼ਹਾਦਤਾਂ ਵੀ ਪ੍ਰਾਪਤ ਕਰ ਲੈਂਦੇ ਹਨ। ਇਹ ਦੇਸ਼ ਭਗਤ, ਦੇਸ਼ ਧਰੋਹੀਆਂ ਦੀਆਂ ਸਾਜ਼ਸ਼ਾਂ ਦੇ ਸ਼ਿਕਾਰ ਹੁੰਦਿਆਂ ਨੂੰ ਲੋਕ ਆਪਣੀਆਂ ਅੱਖਾਂ ਦੇ ਸਾਹਮਣੇ ਦੇਖਦੇ ਹਨ। ਜਲ੍ਹਿਆਂਵਾਲਾ ਬਾਗ ਦੇ ਦੇਸ਼ ਭਗਤਾਂ ਅਤੇ ਰਾਜ ਗੁਰੂ ਸੁਖਦੇਵ ਅਤੇ ਭਗਤ ਸਿੰਘ ਆਦਿ ਦੀ ਉਦਾਹਰਣ ਸਾਹਮਣੇ ਹੈ।

ਦੂਜੀ ਸੰਸਾਰ ਜੰਗ ਤੋਂ ਪਹਿਲਾਂ ਅਤੇ ਪਿਛੋਂ, ਜਦੋਂ ਸਾਮਰਾਜੀ ਬਸਤੀਆਂ ਦੇ ਅਧੀਨ-ਲੋਕ ਆਪਣੀ ਕੌਮੀ ਮੁਕਤੀ ਲਈ ਸੰਗਰਾਮ ਕਰ ਰਹੇ ਸਨ, ਤਾਂ ਉਨ੍ਹਾਂ ਸੰਗਰਾਮਾਂ ਦੀ ਮੁਖ ਚਾਲਕ - ਸ਼ਕਤੀ ਦੇਸ਼ ਭਗਤੀ ਹੀ ਸੀ। ਪ੍ਰੰਤੂ ਇਸ ਲਹਿਰ ਵਿਚ ਸੰਬੰਧਿਤ ਦੇਸ਼ ਦੀਆਂ ਲਗਪਗ ਸਾਰੀਆਂ ਹੀ ਜਮਾਤਾਂ ਜੁਝਦੀਆਂ ਸਨ। ਮੁਕਤੀ ਪ੍ਰਾਪਤੀ ਤੋਂ ਪਿਛੋਂ ਹਰ ਜਮਾਤ ਦੇ ਵੱਖੋ ਵੱਖ ਹਿਤ ਸਨ। ਸੰਗਰਾਮ ਦੇ ਦੌਰਾਨ ਇਨ੍ਹਾਂ ਜਮਾਤਾਂ ਵਿਚੋਂ ਹੀ ਦੇਸ਼-ਧਰੋਹੀ ਦੇ ਰਾਹ ਪਏ ਅਨਸਰ ਬਸਤੀਵਾਦੀਆਂ ਦਾ ਸਾਥ ਵੀ ਦੇ ਰਹੇ ਸਨ। ਇਹ ਕੁਝ ਅਫਰੀਕਾ, ਏਸ਼ੀਆ ਅਤੇ ਦੱਖਣੀ ਅਮਰੀਕਾ ਸਭ ਥਾਵੀਂ ਲਗਪਗ ਇਕੋ ਢੰਗ ਨਾਲ ਹੀ ਵਾਪਰਿਆ ਹੈ। ਇਸ ਤਰ੍ਹਾਂ ਮਿਹਨਤੀ ਲੋਕਾਂ ਦੀ ਜਮਾਤ ਨਾਲ ਸਬੰਧਿਤ ਪਾਰਟੀਆਂ ਦਾ ਸੰਗਰਾਮ ਹੀ ਸੱਚਾ ਦੇਸ਼ ਭਗਤਕ ਸੀ ਅਤੇ ਦੂਜੀਆਂ ਜਮਾਤਾਂ ਦਾ ਨੁਕਸਦਾਰ ਦੇਸ਼ ਭਗਤੀ ਵਾਲਾ ਜਾਂ ਸਵਾਰਥੀ ਦੇਸ਼ ਭਗਤੀ ਵਾਲਾ ਸੰਗਰਾਮ ਸੀ।

ਜਿਸ ਪਾਰਟੀ ਜਾਂ ਵਿਅਕਤੀ ਦੀ ਦੇਸ਼ ਭਗਤੀ ਦਾ ਜਜ਼ਬਾ, ਮਨੁੱਖੀ ਕਦਰਾਂ ਕੀਮਤਾਂ ਦੀ ਚੇਤੰਨਤਾ ਨਾਲ ਰੋਸ਼ਨ ਹੁੰਦਾ ਹੈ, ਉਹ ਕਦੀ ਥਿੜਕਦੀ ਨਹੀਂ, ਜਿਸ ਵਿਚੋਂ ਚੇਤੰਨਤਾ ਦਾ ਅਭਾਵ ਹੁੰਦਾ ਹੈ, ਉਹ ਸੰਗਰਾਮ ਦੌਰਾਨ ਕਦੇ ਵੀ ਥਿੜਕ ਸਕਦੀ ਹੈ।

ਭਾਰਤ ਦੇ ਬਰਤਾਨਵੀਂ ਸਾਮਰਾਜ ਵਿਰੁੱਧ ਸੰਗਰਾਮ ਵਿਚ ਕੌਮੀ ਸਰਮਾਏਦਾਰ ਜਮਾਤ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਅਤੇ ਉਸ ਦੇ ਆਗੂਆਂ ਦੀ ਦੇਸ਼ ਭਗਤੀ, ਨੁਕਸਦਾਰ ਦੇਸ਼-ਭਗਤੀ ਸੀ। ਕਾਂਗਰਸ ਦੇ ਪਿਛੇ ਲੱਗ ਕੇ ਸਾਮਰਾਜ ਵਿਰੋਧੀ ਲਹਿਰ ਵਿਚ ਸ਼ਾਮਲ ਲੋਕਾਂ ਦੀ ਦੇਸ਼ ਭਗਤੀ ਸੱਚੀ ਅਤੇ ਸੁੱਚੀ ਹੀ ਸੀ, ਪਰ ਉਨ੍ਹਾਂ ਵਿਚ ਚੇਤੰਨਤਾ ਦੀ ਘਾਟ ਸੀ। ਏਸੇ ਲਈ ਹੀ ਮਨੁੱਖੀ ਕਦਰਾਂ ਕੀਮਤਾਂ ਤੋਂ ਚੇਤੰਨ ਲੋਕਾਂ ਨੇ ਕਾਂਗਰਸ ਤੋਂ ਵੱਖ ਹੋ ਕੇ ਕਮਿਊਨਿਸਟ ਪਾਰਟੀ ਨੂੰ ਜਥੇਬੰਦ ਕੀਤਾ। ਕਮਿਊਨਿਸਟਾਂ ਦੀ ਦੇਸ਼ ਭਗਤੀ ਵਿਚ ਸੁਆਰਥ ਲਈ ਕੋਈ ਥਾਂ ਨਹੀਂ, ਜੋ ਸਮੁੱਚੇ ਭਾਰਤ ਦੇ ਲੋਕਾਂ ਦੇ ਹਿਤਾਂ ਲਈ ਅੱਜ ਵੀ ਖੜੇ ਹਨ। ਲੋਕਾਂ ਦੀ ਆਰਥਕ ਮੁਕਤੀ ਲਈ, ਸੁਤੰਤਰਤਾ ਸੰਗਰਾਮ ਦੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦੇ ਹਨ।

**ਬਰਤਾਨਵੀਂ ਸਾਮਰਾਜ ਵਿਰੁਧ ਸੰਘਰਸ਼ ਕਰਨ ਵਾਲੇ ਦੇਸ਼ ਭਗਤਾਂ ਇਸ ਲਈ ਕੁਰਬਾਨੀਆਂ ਨਹੀਂ ਦਿੱਤੀਆਂ ਸਨ ਕਿ ਉਹ ਪੰਜਾਬੀ, ਬੰਗਾਲੀ ਜਾਂ ਮਰਹੱਟੇ ਸਨ ; ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਸਨ। ਉਹ ਤਾਂ ਇਸ ਤਰ੍ਹਾਂ ਦੀ ਇਲਾਕਾਪ੍ਰਸਤੀ ਅਤੇ ਫਿਰਕੂ ਕੱਟੜਤਾ ਦੇ ਵੈਰੀ ਸਨ।** ਉਹ ਏਸੇ ਲਈ ਮੁਸਲਮਾਨ ਹੁੰਦੇ ਹੋਏ, ਮੁਸਲਮ ਲੀਗ ਦੇ ਵਿਰੁੱਧ ਸਨ, ਹਿੰਦੂ ਹੁੰਦੇ ਹੋਏ, ਹਿੰਦੂ ਮਹਾਂ ਸਭਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਵਿਰੁਧ ਸਨ, ਸਿੱਖ ਹੁੰਦੇ ਹੋਏ ਚੀਫ ਖਾਲਸਾ ਦੀਵਾਨ ਦੇ ਵਿਰੁਧ ਸਨ। ਕਿਉਂਕਿ ਇਹ ਸਾਮਰਾਜ ਪਿਠੂ ਅਤੇ ਲੋਕਾਂ ਨੂੰ ਪਾੜਨ ਵਾਲੇ ਸਨ। ਉਹ ਦੇਸ਼ ਭਗਤ ਤਾਂ ਸਮੁੱਚੇ ਭਾਰਤ ਲਈ ਜੂਝਦੇ ਸਨ। ਉਹ ਜਾਣਦੇ ਸਨ ਕਿ ਵੰਡਵਾਦੀ ਵਿਚਾਰ ਲੋਕਾਂ ਦੀ ਏਕਤਾ ਨੂੰ ਤੋੜਦੇ ਹਨ। ਏਕਤਾ ਜਿਸ ਦੀ ਹਰ ਸੰਘਰਸ਼ ਵਿਚ ਜਿੱਤ ਲਈ ਵੱਡੀ ਲੋੜ ਹੁੰਦੀ ਹੈ। ਏਕਤਾ ਉਸਾਰਨ ਲਈ ਚੇਤੰਨਤਾ ਦਾ ਸੰਗਰਾਮ ਕਰਨਾ ਪੈਂਦਾ ਹੈ। ਗੈਰ ਮਨੁੱਖੀ ਸ਼ਕਤੀਆਂ ਕਦੇ ਏਕਤਾ ਉਸਾਰ ਨਹੀਂ ਸਕਦੀਆਂ ਅਤੇ ਨਾ ਹੀ ਏਕਤਾ ਕਾਇਮ ਹੀ ਰੱਖ ਸਕਦੀਆਂ ਹਨ ਕਿਉਂਕਿ ਉਨ੍ਹਾਂ ਦਾ ਖਾਸਾ ਹੀ ਵਿਨਾਸ਼ਕਾਰੀ ਅਤੇ ਟੁੱਟ-ਭੱਜ ਦਾ ਹੁੰਦਾ ਹੈ। ਜੇ ਕਿਧਰੇ ਉਹ ਕੁਝ ਸਮੇਂ ਲਈ ਏਕਤਾ ਉਸਾਰ ਵੀ ਲੈਣ ਤਾਂ ਉਹ ਆਮ ਲੋਕਾਂ ਦੇ ਨੱਕ ਵਿਚ ਦਮ ਕਰ ਦਿੰਦੇ ਹਨ ਅਤੇ ਮੌਤ ਦਾ ਤਾਂਡਵ ਨਾਚ ਨੱਚਦੇ ਹਨ।

ਅੱਜ ਭਾਰਤ ਦੇ ਲੋਕਾਂ ਵਿਚ ਅੰਗਰੇਜ਼ ਵਿਰੁਧ ਸੰਗਰਾਮ ਵਿਚੋਂ ਜੋ ਦੇਸ਼ ਭਗਤੀ ਪੈਦਾ ਹੋਈ ਸੀ ਉਸ ਨੂੰ ਵੱਡੀ ਸੱਟ ਤਾਂ ਦੇਸ਼ ਦੀ ਵੰਡ ਸਮੇਂ ਦੇ ਫਿਰਕੂ ਫਸਾਦਾਂ ਨੇ ਮਾਰੀ, ਪਰ ਕਾਂਗਰਸ ਦੇ ਚਾਰ ਦਹਾਕਿਆਂ ਦੇ ਰਾਜ ਨੇ ਹੋਰ ਹੋਰ ਫਿਰਕੂ ਭਾਂਬੜ ਬਲਣ ਵਿਚ ਸਹਿਯੋਗ ਦਿੱਤਾ। ਧਰਮ ਨਿਰਪੱਖਤਾ ਨੂੰ ਸਹੀ ਅਰਥਾਂ ਵਿਚ ਅਮਲ ਵਿਚ ਨਾ ਲਿਆਂਦਾ। ਇਹੋ ਕਾਰਨ ਹੈ ਕਿ ਦੇਸ਼ ਵਿਚ ਸਰਮਾਏਦਾਰੀ ਪ੍ਰਬੰਧ


ਪੌਪੂਲਰ ਫਰਨੀਚਰ

ਮੈਨੂ. ਲਿਮ:



POPULAR
FURNITURE MFG. LTD.

Phone 596-1216

7935 - 128th Street
Surrey, B.C.

ਦੁਖ ਦੁਖ ਕੇ ਤਾਂ ਮਰਨੋਂ ਚੰਗੇ, ਭਾਂਬੜ ਬਣ ਕੇ ਮਰ ਜਾਈਏ।
ਕੁਝ ਨੇਰੇ ਨੂੰ ਫੂਕ ਦਈਏ, ਬਾਕੀ ਮਰਨਾਊ ਕਰ ਜਾਈਏ।

ਮਹਿਲ ਉਸਾਰਨ ਵਾਲੇ ਸੌਂਦੇ ਫੁਟ-ਪਾਥਾਂ ਤੇ ਤਕਦੇਂ ਜਦ,
ਤਾਂ ਦਿਲ ਕਰਦੈ ਮਹਿਲਾਂ ਤੇ, ਮੀਂਹ ਅੱਗ ਦਾ ਬਣ ਕੇ ਵਰ੍ਹ ਜਾਈਏ।

ਐ ਜ਼ਾਲਮ ! ਤੂੰ ਜ਼ੁਲਮ ਹੀ ਕਰਨੈ, ਹੋਰ ਭਲਾ ਕੀ ਕਰ ਸਕਦੈਂ,
ਜ਼ੁਲਮਾਂ ਨੂੰ ਟਿਚ ਸਮਝਣ ਵਾਲੇ, ਜ਼ੁਲਮਾਂ ਤੋਂ ਕੀ ਡਰ ਜਾਈਏ।

ਸਾਕੀ ! ਨਾ ਤਰਸਾ ਤੜਫਾ ਹੁਣ, ਬਹੁਤ ਹੀ ਅਕੇ ਬੈਠੇ ਹਾਂ,
ਹੋਰ ਨਾ ਤੇਰੇ ਮੈਅ-ਖਾਨੇ ਨੂੰ ਵੀਰਾਨਾ ਹੀ ਕਰ ਜਾਈਏ।

ਖਬਰ ਮਿਲੇ ਕਿ ਦਿਲਾਂ ਦਾ ਪੁਨਣ ਓਸ ਜਗ੍ਹਾ ਹੈ ਕੈਦ ਪਿਆ,
ਥਲ ਦੀ ਤਾਂ ਫਰ ਗਲ ਹੀ ਕੀ ਹੈ, ਅਗ ਦਾ ਦਰਿਆ ਤਰ ਜਾਈਏ।

ਲੜਦੇ ਲੜਦੇ ਮਰ ਜਾਈਏ, ਕੁਝ ਰੰਜ ਨਹੀਂ ਅਫਸੋਸ ਨਹੀਂ,
ਇਸ ਤੋਂ ਵਧ ਦੁਖ ਹੁੰਦੈ ਕਿਹੜਾ, ਕਿ ਬੈਠੇ ਹੀ ਹਰ ਜਾਈਏ।

ਗੈਰਾਂ ਭਾਵੀਂ ਮਿਲਣਾ ਤੇਰਾ ਇਕ ਪਲ ਵੀ ਨਈਂ ਜਰ ਹੁੰਦਾ,
ਉਂਜ ਵਿਛੋੜਾ ਤੇਰਾ ਭਾਵੇਂ ਸਾਰੀ ਉਮਰਾ ਜਰ ਜਾਈਏ।

ਜਿਤਣਾ ਜੇ ਸੁਅੰਬਰ ਯਾਰੋ ! ਏਸ ਕ੍ਰਾਂਤੀ ਬਹਿਜ਼ਾਦੀ ਦਾ,
ਆਓ ! ਇਸ ਸੁਅੰਬਰ ਵਿਚ ਫਿਰ ਸੀਸ ਤਲੀ ਤੇ ਧਰ ਜਾਈਏ।

ਜੇ ਦੁਖ ਤੇਰੇ ਤਕ ਰੋਂਦੇ ਹਾਂ, ਨਾਂ ਰੋਂਦੂ ਹੀ ਨਾ ਸਮਝ ਲਈਂ,
ਤੂੰ ਆਖੇਂ ਤਾਂ ਤੇਰੀ ਖਾਤਰ ਹਸਦੇ ਹਸਦੇ ਮਰ ਜਾਈਏ।

ਯਾਰੋ ! ਏਦਾਂ ਅਣਖ ਨਿਭਾਈਏ, ਮਰਦੇ ਭਾਵੇਂ ਮਰ ਜਾਈਏ,
ਪਰ ਜੀਂਦੇ ਜੀ ਕਦੀ ਵੀ ਝੁਕ ਕੇ, ਵੈਰੀ ਦੇ ਦਰ ਜਾਈਏ।

ਜਿਸ ਤੇ ਚਲ ਕੇ ਆਪਣੇ "ਸਾਥੀ" ਮੰਜ਼ਿਲ ਉਤੇ ਪਹੁੰਚਣਗੇ,
ਪੂਰ ਦਈਏ ਉਸ ਰਾਹ ਦੇ ਟੋਏ, ਟਿਬੇ ਪੱਧਰ ਕਰ ਜਾਈਏ

# ਚੜ੍ਹਦੇ ਸੂਰਜ ਖਬਰ ਸੁਣੀਂਦੀ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਖਬਰ ਸੁਣੀਂਦੀ ਮਾੜੀ
ਏਸ ਦੇਸ ਦੇ ਮਾਲੀ ਹੱਥੀਂ
ਜਾਂਦੇ ਬਾਗ ਉਜਾੜੀ

ਚੜ੍ਹਦੇ ਸੂਰਜ ਖਬਰ ਸੁਣੀਂਦੀ
'ਉੱਗਰਵਾਦੀ ਲਾਬੀ'
ਅੰਦਰਖਾਤੇ ਲਾਈ ਜਾਂਦੀ
ਧਾੜਵੀਆਂ ਨੂੰ ਚਾਬੀ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਫੜਿਆ ਗੋਲੀ ਸਿੱਕਾ
ਲੱਗੀ ਹੋਈ ਮੋਹਰ ਜ਼ਿਦੇ ਤੇ
'ਮੇਡ ਇਨ ਅਮਰੀਕਾ'

ਚੜ੍ਹਦੇ ਸੂਰਜ ਖਬਰ ਸੁਣੀਂਦੀ
ਖਬਰ ਸੁਣੀਂਦੀ ਪੱਕੀ
ਦੇਂਦੀ ਏ ਸਿਖਲਾਈ ਜੁੰਡੀ
ਪਈ 'ਜ਼ਿਆ-ਉਲ-ਹੱਕੀ'

ਚੜ੍ਹਦੇ ਸੂਰਜ ਖਬਰ ਸੁਣੀਂਦੀ
ਸੁਣਕੇ ਲੱਗੇ ਧੱਕਾ
ਕਈ ਵਜ਼ੀਰਾਂ ਨਾਲ ਯਰਾਨਾ
ਧਾੜਵੀਆਂ ਦਾ ਪੱਕਾ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਹਾਕਮ ਕਰਨ ਸਲਾਹਾਂ
ਏਧਰ ਕਾਤਲ ਰੰਗੀਂ ਜਾਂਦੇ
ਨਾਲ ਲਹੂ ਦੇ ਰਾਹਾਂ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਸੁਣਕੇ ਔਣ ਵਿਚਾਰਾਂ
ਸੌੜੇ ਹਿੱਤਾਂ ਖਾਤਰ ਕੀ ਕੀ
ਕਰ ਰਹੀਆਂ ਸਰਕਾਰਾਂ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਸੁਣਕੇ ਸੋਚ ਦੁੜਾਈ
ਮੂਲ ਰਲ੍ਹੇ ਦਾ ਮਸਲੇ, ਹਾਕਮ
ਜਾਂਦੇ ਨੇ ਲਟਕਾਈ

ਚੜ੍ਹਦੇ ਸੂਰਜ ਖਬਰ ਸੁਣੀਂਦੀ
ਸੁਣਕੇ ਹੌਕਾ ਭਰੀਏ
ਐਵੇਂ ਪਏ ਸ਼ਹੀਦਾਂ ਤਾਈਂ
ਝੂਠੇ ਸਜਦੇ ਕਰੀਏ

ਮਾਸਟਰ





**FLAG**

CHEVROLET OLDSMOBILE LTD.

**15250 - 104th. AVENUE, SURREY, B.C.**
**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ।
ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ। ਮੌਕੇ ਤੋਂ ਲਾਭ ਉਠਾਓ। ਅਸੀਂ ਸੇਵਾ ਲਈ ਹਾਜ਼ਰ ਹਾਂ।



TOP SALESMAN AWARD
WINNER 1987

ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲੀ ਸਰਮਾਏਦਾਰ-ਜਾਗੀਰੂ ਸਰਕਾਰ ਦੀ ਉਮਰ ਲੰਬੀ ਕਰਦਾ ਹੈ ।

ਭਾਰਤ ਦੇ ਅਜੋਕੇ ਇਤਿਹਾਸਕ ਦੌਰ ਵਿਚ ਜਾਗੀਰੂ ਰਸਮਾਂ-ਰਿਵਾਜਾਂ, ਰਵਾਇਤਾਂ ਅਤੇ ਜੀਵਨ ਢੰਗ ਦੀ ਥਾਂ ਉਤੇ ਸਹਿਜੇ ਸਹਿਜੇ, ਸਰਮਾਏਦਾਰ ਕਦਰਾਂ ਕੀਮਤਾਂ ਸਥਾਪਤ ਹੋ ਰਹੀਆਂ ਹਨ। ਲੋਕਾਂ ਵਿਚ ਸਰਮਾਏਦਾਰੀ ਵਿਚਾਰ, ਉਨ੍ਹਾਂ ਦੀ ਸੋਚ ਦਾ ਅੰਗ ਬਣਦੇ ਜਾ ਰਹੇ ਹਨ । ਸਰਮਾਏਦਾਰੀ ਸਮਾਜ ਦਾ ਆਧਾਰ, ਜਾਗੀਰੂ ਸਮਾਜ ਵਾਂਗ ਹੀ, ਨਿਜੀ ਜਾਇਦਾਦ ਉਪਰ ਹੀ ਆਧਾਰਤ ਹੁੰਦਾ ਹੈ ਜੋ ਵਿਅਕਤੀ ਵਿਚ ਸੁਆਰਥ, ਪੂੰਜੀ-ਸੰਗ੍ਰਹਿ, ਐਸ਼ੋ ਇਸ਼ਰਤ, ਭਰੱਪਣ ਦਾ ਖਾਤਮਾ, ਕੋਰਾਪਨ, ਕੱਲਖੋਰਪੁਣਾ ਆਦਿ ਦੀਆਂ ਰੁਚੀਆਂ ਪੈਦਾ ਕਰਦਾ ਹੈ। ਜੋ ਨਿਸਚੇ ਹੀ ਮਨੁੱਖੀ ਕਦਰਾਂ ਕੀਮਤਾਂ ਦੇ ਉਲਟ ਹਨ । ਜਾਗੀਰੂ ਸਮਾਜ ਦੀ ਇਕ ਵਿਸ਼ੇਸ਼ਤਾ, ਪਰਵਾਰਕ-ਇਕੱਠ, ਸਰਮਾਏਦਾਰੀ ਦੇ ਪ੍ਰਭਾਵ ਹੇਠ ਨਿਖੁੱਟ ਜਾਂਦਾ ਹੈ। ਸਰਮਾਏਦਾਰੀ ਸਮਾਜ ਪਰਵਾਰ ਨੂੰ ਤੋੜ ਕੇ ਡੱਕਾ ਡੱਕਾ ਕਰ ਦਿੰਦਾ ਹੈ ਸਭੇ ਵਿਅਕਤੀ ਪਰਵਾਰਕ ਰਿਸ਼ਤਿਆਂ ਦੇ ਵਿਗਠਣ ਉਪਰ ਆਪੋ ਆਪਣਾ ਪੂੰਜੀ ਆਧਾਰ ਸਿਰਜਦੇ ਹਨ। ਧਨ ਲਈ ਦੌੜ ਇਸ ਦੀ ਉਲੰਪਿਕ ਦੀ ਦੌੜ ਹੁੰਦੀ ਹੈ। ਧਨ ਦਾ ਕੋਈ ਮਿਥਿਆ ਨਿਸ਼ਾਨਾ ਇਸ ਲਈ ਅੰਤਮ ਮੁਲਜ਼ਰੀ ਨਹੀਂ ਹੈ । ਉਹ ਕਦੀ ਵੀ ਫੁੰਡ ਨਹੀਂ ਹੁੰਦਾ। ਇਕ ਨਿਸ਼ਾਨਾ ਫੁੰਡਣ ਉਪਰੰਤ ਦੂਜਾ ਫਿਰ ਪ੍ਰਗਟ ਹੋ ਜਾਂਦਾ ਹੈ। ਸਾਰਾ ਜੀਵਨ ਸਾਰਾ ਧਿਆਨ ਮਿਰਗ ਤ੍ਰਿਸ਼ਨਾ ਦੀ ਭਟਕਣਾਂ ਵਾਂਗ ਹਫਿਆ ਵਿਅਕਤੀ ਅੰਤਮ ਸਾਹ ਲੈਂਦਾ ਹੈ । ਇਸ ਤਰ੍ਹਾਂ ਸਰਮਾਏਦਾਰੀ ਸਭਿਆਚਾਰ ਦੀਆਂ ਰੁਚੀਆਂ ਦੇਸ਼ ਭਗਤੀ ਦੀ ਭਾਵਨਾ ਨੂੰ ਕੁਚਲ ਦਿੰਦੀਆਂ ਹਨ । ਸਰਮਾਏਦਾਰੀ ਰੁਚੀਆਂ ਵਿਚ, ਪਰਉਪਕਾਰ, ਕੁਰਬਾਨੀ, ਇਨਸਾਫ, ਬਰਾਬਰਤਾ, ਸਦ ਭਾਵਨਾ ਆਦਿ ਮਨੁੱਖੀ ਕਦਰਾਂ ਕਿਸੇ ਪੜਾਅ ਉਪਰ ਕਿਸੇ ਵੀ ਰੂਪ ਵਿਚ ਉਜਾਗਰ ਨਹੀਂ ਹੋ ਸਕਦੇ। ਇਸ ਲਈ ਕੋਈ ਸਰਮਾਏਦਾਰ ਸੱਚਾ ਦੇਸ਼ ਭਗਤ ਹੋ ਹੀ ਨਹੀਂ ਸਕਦਾ । ਸਾਡੇ ਕੋਲ ਇਕ ਉਘੀ ਮਿਸਾਲ ਘਨਸ਼ਾਮਦਾਸ ਵਿਰਲੇ ਦੀ ਹੈ। ਉਹ ਇੰਗਲੈਂਡ ਇਲਾਜ ਲਈ ਗਿਆ ਮਰ ਗਿਆ। ਮਰਨ ਤੋਂ ਪਹਿਲਾਂ ਉਸ ਇੱਛਾ ਜ਼ਾਹਰ ਕੀਤੀ ਕਿ ਮਰਨ ਉਪਰੰਤ ਉਸ ਦਾ ਸਸਕਾਰ ਇੰਗਲੈਂਡ ਵਿਚ ਹੀ ਕਰ ਦਿੱਤਾ ਜਾਵੇ। ਜਿਸ ਵਿਅਕਤੀ ਨੇ ਦੇਸ਼ ਦੇ ਲੋਕਾਂ ਦੀ ਮਿਹਨਤ ਲੁੱਟ ਲੁੱਟ ਕੇ ਅਰਬਾਂ-ਖਰਬਾਂ ਦਾ ਮੁਨਾਫਾ ਕਮਾਇਆ ਹੋਵੇ ਉਹ ਉਸ ਦੇਸ਼ ਵਿਚ ਸਸਕਾਰ ਕਰਨ ਦੀ ਵੀ ਇੱਛਾ ਨਾ ਰੱਖਦਾ ਹੋਵੇ। ਇਨਾ ਪਿਆਰ ਹੁੰਦਾ ਹੈ ਸਰਮਾਏਦਾਰ ਨੂੰ ਦੇਸ਼ ਨਾਲ। ਇਹ ਭਾਵਨਾ ਹੈ ਜਿਸ ਨੂੰ ਸਰਮਾਏਦਾਰੀ ਪ੍ਰਬੰਧ ਜਨਮ ਦਿੰਦਾ ਹੈ।

ਸੱਚੀ ਦੇਸ਼ ਭਗਤੀ ਦੀ ਭਾਵਨਾ ਸਿਰਫ ਮਜ਼ਦੂਰਾਂ-ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੇ ਦਿਲਾਂ ਵਿਚ ਹੀ ਪੁੰਗਰ ਸਕਦੀ ਹੈ। ਜੋ ਦੇਸ਼ ਦੀ ਕੁਲ ਸੰਪਤੀ ਨੂੰ ਸਿਰਜਦੇ ਹਨ । ਜੋ ਦੇਸ਼ ਦੇ ਅਸਲੀ ਪਦਾਰਥਕ ਮਾਲਕ ਹਨ । ਜੋ ਦੇਸ਼ ਦੇ ਸਭਿਆਚਾਰ ਦੇ ਸਿਰਜਕ ਹਨ। ਸਭਿਆਚਾਰ, ਜਿਨ੍ਹਾਂ ਦੇ ਜੀਵਨ ਨਾਲ ਅਟੁੱਟ ਸੰਬੰਧ ਰੱਖਦਾ ਹੈ । ਸਭਿਆਚਾਰ, ਜੋ ਸਰਮਾਏਦਾਰ-ਸਭਿਆਚਾਰ ਦੀ ਥਾਂ ਲਵੇਗਾ ।

ਅਸੀਂ ਜੋ ਬਦੇਸ਼ਾਂ ਵਿਚ ਰੁਜ਼ਗਾਰ ਲਈ ਗਏ ਹਾਂ। ਦੇਸ਼ ਵਿਚ ਲੋਕਾਂ ਨੂੰ ਦਰਪੇਸ਼ ਆਰਥਕ ਮੁਸ਼ਕਲਾਂ, ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ, ਵੱਖਵਾਦੀ-ਵੰਡਵਾਦੀ ਦੇਸ਼ ਧਰੋਹੀ ਸ਼ਕਤੀਆਂ ਦੇ ਕੁਲਹਿਣੇ ਕਾਰਿਆਂ ਕਾਰਨ ਨਪੀੜੇ ਜਾ ਰਹੇ ਲੋਕਾਂ ਦੀਆਂ ਖਬਰਾਂ ਸੁਣਕੇ ਤੜਪਦੇ ਹਾਂ ।

ਬਦੇਸ਼ਾਂ ਵਿਚ ਵੱਖਵਾਦੀਆਂ ਵਿਰੁਧ, ਦੇਸ਼ ਭਗਤ ਬਾਬਿਆਂ ਦੀਆਂ ਰਵਾਇਤਾਂ ਅਤੇ ਵਿਰਸੇ ਅਨੁਸਾਰ, ਆਪਣੀ ਸ਼ਕਤੀ ਅਨੁਸਾਰ ਆਵਾਜ਼ ਉਚੀ ਕਰਦੇ ਹਾਂ । ਜਿਵੇਂ ਪੰਜਾਬ ਵਿਚ ਕਮਿਊਨਿਸਟਾਂ ਤੋਂ ਬਿਨਾਂ ਕੋਈ ਵੀ ਇਨ੍ਹਾਂ ਸਾਹਮਣੇ, ਲੋਕਾਂ ਨੂੰ ਹੌਂਸਲਾ ਦੇਣ ਲਈ ਨਹੀਂ ਖੜ੍ਹਿਆ, ਏਸੇ ਤਰ੍ਹਾਂ ਹੀ ਬਦੇਸ਼ਾਂ ਵਿਚ ਵੀ ਇਹ ਸਿਰਫ ਕਮਿਊਨਿਸਟ ਹੀ ਹਨ ਜੋ ਦੇਸ਼ ਦੀ ਏਕਤਾ-ਅਖੰਡਤਾ ਲਈ ਖੜ੍ਹ ਸਕੇ ਹਨ। ਹਾਂ, ਪਰ ਵੱਡੀ ਭਾਰੀ ਚੁੱਪ ਬਹੁ-ਗਿਣਤੀ ਇਹ ਮਹਿਸੂਸ ਕਰ ਰਹੀ ਹੈ ਕਿ ਇਹ ਦੇਸ਼ ਧਰੋਹੀ ਸ਼ਕਤੀਆਂ ਹੀ ਹਨ ਜੋ ਦੇਸ਼ ਦੇ ਟੁਕੜੇ ਕਰਨ ਲਈ ਬੇਗੁਨਾਹਾਂ ਦਾ ਲਹੂ ਡੋਲ੍ਹ ਰਹੀਆਂ ਹਨ ।

ਅੱਜ ਦੇਸ਼ ਭਗਤ ਭਾਰਤੀਆਂ ਦੇ ਸਾਹਮਣੇ ਜਿਹੜੀਆਂ ਤਿੰਨ ਲੋਕ ਦੁਸ਼ਮਣ ਸ਼ਕਤੀਆਂ ਦਾ ਚੈਲੰਜ ਹੈ ਉਹ ਹਨ : ਸਾਰੇ ਵੱਖਵਾਦੀ-ਵੰਡਵਾਦੀ ਤੱਤ, ਦੁਸ਼ ਦੀਆਂ ਲੁਟੇਰੀਆਂ ਜਮਾਤਾਂ ਦੀ ਪ੍ਰਤੀਨਿਧ ਕਾਂਗਰਸ ਸਰਕਾਰ ਅਤੇ ਵੱਖਵਾਦੀਆਂ ਦੀ ਪੁਸ਼ਤ ਪਨਾਹੀ ਕਰ ਰਿਹਾ ਅਮਰੀਕੀ ਸਾਮਰਾਜ ।

ਪੰਦਰਾਂ ਅਗਸਤ ਦੇ ਦਿਨ ਆਓ ਪ੍ਰਣ ਕਰੀਏ ! ਕਿ ਆਜ਼ਾਦੀ ਸੰਗਰਾਮ ਲਈ ਕੁਰਬਾਨੀਆਂ ਦੇ ਗਏ, ਦੇਸ਼ ਭਗਤਾਂ ਦੀਆਂ ਰਵਾਇਤਾਂ ਨੂੰ ਕਾਇਮ ਰੱਖਾਂਗੇ

ਅਖਬਾਰ ਨੇ ਲਿਖਿਆ ਹੈ, "ਪਾਕਿਸਤਾਨ ਦੀ ਧਰਤੀ ਇਕ ਅਜਿਹਾ ਅੱਡਾ ਬਣੀ ਹੋਈ ਹੈ ਜਿਥੋਂ ਕੌਮਾਂਤਰੀ ਪਿਛਾਖੜ ਨੇ ਹਿੰਦ ਦੀ ਪ੍ਰਦੇਸ਼ਕ ਆਖੰਡਤਾ ਦੇ ਖਿਲਾਫ ਧਾਵਾ ਬੋਲ ਰਖਿਆ ਹੈ।

ਆਪੇ ਬਣੇ ਖਾਲਿਸਤਾਨੀ ਆਗੂ ਜਗਜੀਤ ਸਿੰਘ ਚੌਹਾਨ ਦੇ ਭੜਕਾਊ ਬਿਆਨਾਂ ਦਾ ਜ਼ਿਕਰ ਕਰਦਿਆਂ ਦੈਨਿਕ ਨੇ ਲਿਖਿਆ ਹੈ ਕਿ ਬਰਤਾਨੀਆ ਸਰਕਾਰ ਉਸ ਦੀ ਨਿੰਦਾ ਕੇਵਲ ਮੂੰਹਜ਼ਬਾਨੀ ਹੀ ਕਰਦੀ ਹੈ ।




MUSIC IS LIFE

MANN MUSIC VIDEO
& PHOTO STUDIO
6512 MAIN ST., VANCOUVER, B.C.
PH. (604) 321-6667



ਗਾਣਿਆਂ ਤੇ ਵੀਡੀਓ ਦਾ ਭੰਡਾਰ

ਪੰਜਾਬੀ ਗੀਤ, ਗ਼ਜ਼ਲਾਂ ਤੇ ਧਾਰਮਿਕ ਟੇਪਾਂ ਦਾ ਭੰਡਾਰ
ਨਵੀਆਂ ਤੇ ਪੁਰਾਣੀਆਂ ਮੂਵੀਆਂ ਦੇ ਵਧੀਆ ਪ੍ਰਿੰਟ

ਗੁਰੂ ਮਹਾਰਾਜ ਦੇ ਚੌਰ — ਵੱਖ ਵੱਖ ਸਾਈਜ਼ਾਂ ਦੀਆਂ ਕ੍ਰਿਪਾਨਾਂ — ਢੋਲਕੀਆਂ, ਚਿਮਟੇ, ਖੜਤਾਲਾਂ, ਡਫਰੀਆਂ — ਤਬਲੇ, ਹਰਮੋਨੀਅਮ — ਸਾਰੰਗੀਆਂ ਸਤਾਰਾਂ ਸੰਖ ਘੁੰਗਰੂ ਅਤੇ ਹਰ ਕਿਸਮ ਦੀਆਂ ਕਿਤਾਬਾਂ ਅਤੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਦੀਆਂ ਬਹੁ ਮੁੱਲੀਆਂ ਤਸਵੀਰਾਂ ਦਾ ਸੈਟ ਹਰ ਸਮੇਂ ਮਿਲ ਸਕਦਾ ਹੈ

ਇੰਡੀਆ, ਇੰਗਲੈਂਡ, ਫੀਜ਼ੀ, ਅਫਰੀਕਾ ਦੀ ਵੀਡੀਓ ਮੂਵੀ ਨੂੰ ਕੈਨੇਡਾ ਦੇ ਸਿਸਟਮ ਤੇ ਡਿਜ਼ਟਿਲ ਮਸ਼ੀਨ ਨਾਲ ਕਨਵਰਟ ਕਰਾਉ — 10 ਡਾਲਰ ਘੰਟੇ ਵਿਚ ਸ਼ਰਤੀਆ ਹੀ ਵਧੀਆ ਪ੍ਰਿੰਟ ਹੋਵੇਗਾ

ਪਾਸਪੋਰਟ, ਵੀਜ਼ਾ ਸਿਟੀਜਨ ਫੋਟੋ 5 ਮਿੰਟ ਵਿਚ ਤਿਆਰ

ਵਿਆਹ ਦੀ ਵੀਡੀਓ ਜਾਂ ਫੋਟੋਆਂ ਲਈ ਮਾਨ ਮਿਊਜ਼ਿਕ ਤੇ ਦਰਸ਼ਨ ਦਿਓ

ਹੋਰ ਜਾਣਕਾਰੀ ਲਈ 'ਸੰਗੀਤ ਸੰਸਾਰ' ਰੇਡੀਓ ਪ੍ਰੋਗਰਾਮ ਸੁਣੋ ਹਰ ਸ਼ਨਿਚਰਵਾਰ 5 ਵਜੇ ਤੋਂ 8.30 ਵਜੇ ਤੱਕ ਸ਼ਾਮ ਰੇਡੀਓ 1470 AM or 103 FM

ਫੋਨ
-321-6667

# GOYAL THE VIDEO KING

4156 FRASER ST., VANCOUVER, B.C.

PHONE (604) 877-7778

Panasonic ਤੇ TOSHIBA ਦੇ ਮਾਈਕਰੋਵੇਵ ਓਵਨ ਤੁਹਾਨੂੰ ਵੇਨਕੂਵਰ ਵਿਚ ਸਭ ਤੋਂ ਘੱਟ ਕੀਮਤ

# Panasonic



**PC-26P68R**

63 cm (26") diagonal Stereo Console TV

- Broadcast Stereo/SAP Reception capability
- Built-in stereo amp with bass/treble/balance controls
- Quintrix II CompuFocus Video System
- 114 channel cable-compatible tuner
- Wireless Remote Control
- Programmable Scan, Rapid-Tune and Sleep Timer
- ColorPilot electronic control
- Modern style design

**$999**

Designed For 1988 Olympics



**PV-2800B-K**

Omnivision VHS

- New Compact Design
- On-Screen Display Programming
- 119-Channel Digital Quartz Tuning with Auto Set
- Stand-by One-Touch Recording
- High-Speed Omnisearch

Regular **$599.95**

NOW **$449.95**

## INDIAN DRAMAS

BUNIYAAD

RAMAYAN

TAMAS

WE RELEASE NEW & OLD HINDI/PUNJABI/GUJARATI VIDEO FILMS FROM INDIA & PAKISTAN EVERY WEEK.

GUARANTEED CLEAR VIDEO PRINTS

WE SELL PANASONIC & TOSHIBA AT VERY GOOD PRICES

WE ALSO CARRY 220V ELECTRICALS

DISTRIBUTORS OF ALL MAJOR VIDEO COMPANIES

MAIL ORDER WELCOME!

## ਖੁਸ਼ਖਬਰੀ

ਇਡੀਆ, ਇਂਗਲੈਂਡ ਤੇ ਪਾਕਿਸਤਾਨ ਦੀਆਂ ਵੀਡੀਓ ਕਸੈਟਾਂ ਨੂੰ ਇਥੇ Digital ਨਾਲ ਕਨੇਡੀਅਨ ਸਿਸਟਮ ਵਾਸਤੇ ਬਹੁਤ ਹੀ ਘੱਟ ਕੀਮਤ ਤੇ ਵਧੀਆ ਕੰਮ ਕਰਦੇ ਹਾਂ।

ਵੀਡੀਓ ਮਸ਼ੀਨਾ ਬੈਟਰੀਆਂ, ਪ੍ਰੈਸ, ਹੀਟਿਂਗ ਪੈਡ ਤੇ ਬਲੈਂਡਰ ਜੋ ਕਿ ਇਡੀਆ ਤੇ ਪਾਕਿਸਤਾਨ ਵੀ ਚਲ ਸਕਦੇ ਹਨ।

# DIGITAL TRANSFER

....of video cassettes form INDIA, PAKISTAN, EAST AFRICA, FIJI, ENGLAND & EUROPE to local Canadian system and vice versa is done professionally at guaranteed low prices. SAME DAY SERVICE AND PICTURE QUALITY IS GUARANTEED.

## WE'VE THE FOLLOWING PAKISTANI DRAMAS

AFSHAAN, KAVISH, ALIFNOON, RAAT, WAQT, SARAB, TANHAIYAN, HAVELI (Punjabi) AJ DI KAHANI, ANKAHI, ANA, ABABIL, DHOOP KINAREY, CHHAON, KHALIJ, DASTAK, CHHOTI SI DUNIYA, AASMAN YEH KAHAN KI DOSTI, KHWAJA & SONS (Funny), CARAVAN, CHHAON, ANDHERA UJALA, TOTA KAHANI, SATOON, YES SIR NO SIR

ਵਿਚੋਂ ਵਿਕਸਤ ਹੋਏ ਸਰਮਾਏਦਾਰੀ-ਸਭਿਆਚਾਰ ਨੇ, ਦੇਸ਼ ਭਗਤਕ ਭਾਵਨਾਵਾਂ ਦੀ ਥਾਂ ਉਪਰ, ਸਵਾਰਥ ਲਾਲਚ, ਲੁੱਟ, ਰਿਸ਼ਵਤ, ਬੇਈਮਾਨੀ ਆਦਿ ਨੂੰ ਜਨਮ ਦਿੱਤਾ ਹੈ। ਹਾਕਮਾਂ ਨੇ ਤੰਗ ਰਾਜਸੀ ਹਿਤਾਂ — ਚੋਣਾਂ ਜਿੱਤਣ ਲਈ ਅਤੇ ਰਾਜ ਸੱਤਾ ਕਾਇਮ ਰੱਖਣ ਲਈ, ਧਰਮ, ਬੋਲੀ, ਇਲਾਕਾ ਪ੍ਰਸਤੀ ਆਦਿ ਨੂੰ ਪਾੜੇ ਪਾਉਣ ਲਈ ਵਰਤਿਆ। ਇਹ ਹਾਕਮ ਪਾਰਟੀ ਦਾ ਦੇਸ਼ ਨਾਲ ਨਿਰੋਲ ਧਰੋਹ ਹੈ।

ਸੱਚੀ ਸੁੱਚੀ ਦੇਸ਼ ਭਗਤੀ ਕਿਉਂਕਿ ਮਨੁੱਖੀ ਕਦਰਾਂ-ਕੀਮਤਾਂ ਉਪਰ ਆਧਾਰਤ ਹੁੰਦੀ ਹੈ ਇਸ ਲਈ ਇਹ ਕੁਦਰਤੀ ਹੈ ਕਿ ਇਸ ਦਾ ਘੇਰਾ ਇਲਾਕਾਈ ਜਾਂ ਕੌਮੀ ਹੱਦਾਂ ਨੂੰ ਟੱਪ ਜਾਂਦਾ ਹੈ। ਇਹ ਦੇਸ਼ ਭਗਤੀ, ਸੰਸਾਰ ਦੇ ਹਰ ਦੇਸ਼ ਦੇ ਲੋਕਾਂ ਦੇ ਦੁੱਖਾਂ ਦੇ ਸਾਂਝੀਦਾਰ ਬਣਨ ਲਈ ਅਤੇ ਮਨੁੱਖਤਾ ਦੇ ਵੈਰੀ ਸਾਮਰਾਜੀਆਂ ਦੇ ਵਿਰੋਧ ਲਈ ਵੀ ਲੱਕ ਬੰਨ੍ਹ ਖਲੋਂਦੀ ਹੈ। ਇਸ ਦੇਸ਼ ਭਗਤਕ ਭਾਵਨਾ ਦਾ ਕੌਮਾਂਤਰੀਵਾਦ ਨਾਲ ਕੋਈ ਟਕਰਾ ਨਹੀਂ ਹੈ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਉਪਰ ਆਧਾਰਤ ਦੇਸ਼ ਭਗਤੀ ਅਗੋਂ ਕੌਮਾਂਤ੍ਰੀਵਾਦ ਵੱਲ ਵਧਦੀ ਹੈ। ਇਸੇ ਲਈ ਵੀਅਤਨਾਮ ਉਪਰ ਹਮਲੇ ਦੇ ਸਮੇਂ, ਫਲਸਤੀਨੀ ਲੋਕਾਂ ਦੇ ਹੱਕੀ ਸੰਘਰਸ਼ਾਂ ਨਾਲ ਇਕਮੁੱਠਤਾ, ਨਿਕਾਰਗੋਆ ਦੇ ਲੋਕਾਂ ਵਿਰੁਧ ਅਮਰੀਕੀ ਸਾਮਰਾਜੀਆਂ ਦੀ ਸਾਜ਼ਸ਼ ਵਿਰੁਧ, ਲਿਬੀਆ ਉਪਰ ਅਮਰੀਕੀ ਹਮਲੇ ਵਿਰੁਧ, ਗਰਨੇਡਾ ਉਪਰ ਅਮਰੀਕੀ ਫੌਜਾਂ ਦੇ ਕਬਜ਼ੇ ਵਿਰੁਧ, ਦੱਖਣੀ ਅਫਰੀਕਾ ਦੀ ਨਸਲਪ੍ਰਸਤ ਸਰਕਾਰ ਵਿਰੁਧ ਜੂਝ ਰਹੇ ਕਾਲੇ ਲੋਕਾਂ ਨਾਲ ਇਕਮੁੱਠਤਾ ਦੇ ਸਮੇਂ, ਸੰਸਾਰ ਅਮਨ ਦੇ ਮਹੱਤਵ ਪੂਰਨ ਮਸਲੇ ਉਪਰ ਅਤੇ ਹੋਰ ਅਜਿਹੇ ਸਵਾਲਾਂ ਉਪਰ ਭਾਰਤ ਦੇ ਹੀ ਨਹੀਂ, ਕਨੇਡਾ, ਇੰਗਲੈਂਡ, ਯੂਰਪ, ਪਾਕਿਸਤਾਨ, ਚੀਨ ਆਦਿ ਦੇ, ਸਗੋਂ ਸਾਰੇ ਸੰਸਾਰ ਦੇ ਹੀ ਕਹਿਣਾ ਚਾਹੀਦਾ ਹੈ, ਦੇਸ਼ ਭਗਤ ਲੋਕ ਕੌਮਾਂਤਰੀਵਾਦੀ ਭਾਵਨਾਂ ਨਾਲ ਇਕਮੁੱਠਤਾ ਦਾ ਪ੍ਰਗਟਾ ਕਰਦੇ ਹਨ। ਅਜਿਹਾ ਇਸ ਲਈ ਕਰਨਾ ਸੰਭਵ ਹੁੰਦਾ ਹੈ ਕਿ ਇਹ ਦੇਸ਼ ਭਗਤਕ-ਉਤਸ਼ਾਹ **ਚੇਤੰਨਤਾ ਪੂਰਬਕ** ਹੁੰਦਾ ਹੈ।

ਦੂਜੇ ਪਾਸੇ ਦੇਸ਼ ਧਰੋਹੀ ਸ਼ਕਤੀਆਂ, ਹਰ ਗੈਰ ਮਨੁੱਖੀ, ਗੈਰ ਜਮਹੂਰੀ, ਕੱਟੜਪੰਥੀ, ਜ਼ਾਲਮ ਅਤੇ ਅਤਿ ਦੇ ਸੁਆਰਥੀ ਕੰਮ ਕਰਨ ਤੋਂ ਵੀ ਨਹੀਂ ਝਿਜਕਦੀਆਂ। ਏਸੇ ਲਈ ਇਹ ਲੋਕ ਇਕਮੁੱਠ ਨਹੀਂ ਰਹਿ ਸਕਦੇ, ਸਦਾ ਹੀ ਟੁਕੜਿਆਂ ਵਿਚ ਵੰਡੇ ਜਾਂਦੇ ਹਨ। ਇਹ ਸਾਰੇ ਹੀ ਸੱਪ ਹੁੰਦੇ ਹਨ ਜੋ ਕਿ ਇਕ ਦੂਜੇ ਨੂੰ ਨਿਗਲ ਜਾਣਾ ਚਾਹੁੰਦੇ ਹਨ। ਲੁੱਟ ਦੇ ਮਾਲ ਵੰਡਣ ਸਮੇਂ ਜਾਂ ਲੁੱਟ ਉਪਰ ਹੈਂਕੜ ਭਰੀ ਇਜਾਰੇਦਾਰੀ ਅਤੇ ਚੌਧਰ ਦੀ ਕਾਇਮੀ ਲਈ ਇਕ ਦੂਜੇ ਦਾ ਗਲ ਵੱਢਦੇ ਹਨ। ਇਹ ਦੇਸ਼ ਧਰੋਹੀ ਕੇਵਲ ਰਾਜਸੀ ਅਰਥਾਂ ਵਿਚ ਹੀ ਦੇਸ਼ ਧਰੋਹੀ ਨਹੀਂ ਹੁੰਦੇ, ਸਗੋਂ ਇਹ ਰੁਝਾਣ ਸਮਾਜੀ ਅਤੇ ਸਭਿਆਚਾਰਕ ਵਿਕਾਸ ਨੂੰ ਰੋਕਣ ਵਾਲਾ ਵੀ ਹੁੰਦਾ ਹੈ। ਇਹ ਸਮਾਂ ਵਿਹਾ ਚੁਕੀਆਂ ਲੋਕ ਵਿਰੋਧੀ ਜਮਾਤਾਂ ਦੀ ਉਮਰ ਲੰਬੀ ਕਰਨ ਵਾਲਾ ਹੁੰਦਾ ਹੈ। ਇਹ ਲੋਕਾਂ ਦੇ ਸਿਰ ਉਪਰ ਗਰੀਬੀ, ਅਗਿਆਨਤਾ, ਫਿਰਕੂ-ਜਨੂੰਨ ਅਤੇ ਹਨੇਰ ਵਿਰਤੀ ਨੂੰ ਤਲਵਾਰ ਦੇ ਜ਼ੋਰ ਮੜ੍ਹਦੇ ਹਨ। ਇਨ੍ਹਾਂ ਦਾ ਖਾਸਾ ਵਿਨਾਸ਼ ਕਾਰੀ ਹੁੰਦਾ ਹੈ। ਇਹ ਆਪਣੀ ਸ਼ਕਤੀ ਸਿਰਫ ਪਛੜੇਵੇਂ ਅਤੇ ਜਹਾਲਤ ਵਿਚੋਂ ਹੀ ਪ੍ਰਾਪਤ ਕਰ ਸਕਦੇ ਹਨ। ਅਤਿ ਦੀ ਮੱਕਾਰ ਸਰਮਾਏਦਾਰ ਜਮਾਤ ਇਨ੍ਹਾਂ ਦੇਸ਼ ਧਰੋਹੀ ਸ਼ਕਤੀਆਂ ਦੀ ਪਾਲਣਾ ਅਤੇ ਪੁਸ਼ਤਪਨਾਹੀ ਕਰਦੀ ਹੈ।

ਭਾਰਤ ਦੇ ਪਰਕਰਣ ਵਿਚ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਦੇਸ਼ ਧਰੋਹੀ ਸ਼ਕਤੀਆਂ, ਭਾਰਤ ਦੀਆਂ ਲੁਟੇਰੀਆਂ ਹਾਕਮ ਜਮਾਤਾਂ ਨੂੰ ਕਦੀ ਵੀ **ਸਰਮਾਏਦਾਰੀ ਜਾਂ ਜਾਗੀਰੂ** ਰੂਪ ਵਿਚ ਆਪਣੇ ਵਿਰੋਧ ਦਾ ਨਿਸ਼ਾਨਾ ਅਤੇ ਨਫਰਤ ਦਾ ਪਾਤਰ ਨਹੀਂ ਬਣਾਉਂਦੀਆਂ, ਸਗੋਂ ਉਨ੍ਹਾਂ ਨੂੰ ਹਿੰਦੂ ਸਾਮਰਾਜ ਜਾਂ ਹਿੰਦੂ ਹਾਕਮਾਂ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਗੋਰਖਾਲੈਂਡੀਆਂ ਨੇ ਇਕ ਛਾਲ ਹੋਰ ਅਗੇ ਮਾਰੀ ਉਨ੍ਹਾਂ ਕੇਂਦਰੀ ਹਾਕਮਾਂ ਨਾਲ ਜੋਟੇ ਪਾ ਕੇ, ਪੱਛਮੀ ਬੰਗਾਲ ਦੀ ਮਾਰਕਸੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਤ੍ਰਿਪੁਰਾ ਵਿਚ ਵੱਖਵਾਦੀ ਅੰਸ਼ਾਂ ਨੇ ਕਾਂਗਰਸ ਨਾਲ ਏਕਤਾ ਦਾ ਰੂਪ ਧਾਰ ਕੇ, ਫੌਜ ਦੀ ਸਹਾਇਤਾ ਨਾਲ ਮਾਰਕਸੀ ਪਾਰਟੀ ਦੀ ਅਗਵਾਈ ਵਾਲੀ ਖਬੇ ਮੋਰਚੇ ਦੀ ਸਰਕਾਰ ਨੂੰ ਵੋਟਾਂ ਵਿਚ ਹੇਰਾਫੇਰੀ ਕਰਕੇ ਤੋੜਿਆ। ਕੇਰਲਾ ਵਿਚ ਹਿੰਦੂ ਅਤੇ ਮੁਸਲਮ ਫਿਰਕੂ ਪਾਰਟੀਆਂ ਕਾਂਗਰਸ ਦੀ ਛਤਰਛਾਇਆ ਹੇਠ ਇਕ ਸਾਂਝੇ ਫਰੰਟ ਵਿਚ ਹਨ। ਪੰਜਾਬ ਵਿਚ ਕਾਂਗਰਸ ਪਾਰਟੀ ਨੇ ਵੱਖਵਾਦੀਆਂ ਨੂੰ ਜਨਮ ਦਿੱਤਾ, ਪਾਲਿਆ ਅਤੇ ਉਨ੍ਹਾਂ ਨਾਲ ਰਾਮ-ਲੀਲ੍ਹਾ ਵਾਂਗ, ਲੀਲ੍ਹਾ ਰਚਾਈ ਹੋਈ ਹੈ। ਇਨ੍ਹਾਂ ਦੇ **ਅਤੰਕ ਅਤੇ ਵੱਖਵਾਦ** ਦੀ ਦੁਹਾਈ ਪਾ ਕੇ, 1984 ਦੀਆਂ ਚੋਣਾਂ ਜਿੱਤੀਆਂ ਅਤੇ ਹੁਣ ਇਨ੍ਹਾਂ ਦੇ ਖਾਤਮੇਂ ਲਈ 'ਪ੍ਰਬੰਧਕੀ ਕਦਮਾਂ' ਦੀ ਸਫਲਤਾ ਨਾਲ ਦੁਬਾਰਾ ਅਗਲੀਆਂ ਚੋਣਾਂ ਜਿੱਤਣ ਦੇ ਆਹਰ ਵਿਚ ਹੈ।

ਅੱਜ ਦੇ ਸਮੇਂ ਭਾਰਤ ਦੇ ਦੇਸ਼ ਭਗਤਾਂ ਦਾ ਮਾਰਗ ਬੜਾ ਹੀ ਵਿਖੜਾ ਹੈ। ਉਨ੍ਹਾਂ ਨੂੰ ਇਕੋ ਸਮੇਂ ਕਈ ਵਿਨਾਸ਼ਕਾਰੀ ਅਤੇ ਲੋਕ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈਣੀ ਪੈ ਰਹੀ ਹੈ। ਦੇਸ਼ ਭਗਤ ਸ਼ਕਤੀਆਂ ਦਾ ਘੇਰਾ ਮਜ਼ਬੂਤ ਅਤੇ ਵਿਸ਼ਾਲ ਕਰਨਾ ਉਨ੍ਹਾਂ ਲਈ ਇਤਿਹਾਸਕ ਜ਼ਿੰਮੇਂਵਾਰੀ ਹੈ। ਇਸ ਤਰ੍ਹਾਂ ਹੀ ਦੇਸ਼ ਧਰੋਹੀ ਸ਼ਕਤੀਆਂ ਦੇ ਪੈਰ ਉਖੇੜੇ ਜਾ ਸਕਦੇ ਹਨ।

**ਕੌਮੀ-ਅੰਧ-ਵਿਸ਼ਵਾਸ਼ ਉਪਰ ਆਧਾਰਤ ਕਿਸੇ ਦੇਸ਼-ਭਗਤੀ ਦਾ ਕੋਈ ਵੀ ਰੂਪ ਕਦੀ ਵੀ ਲੋਕ ਪੱਖੀ ਨਹੀਂ ਹੋ ਸਕਦਾ।** ਉਹ ਸਦਾ ਹੀ ਲੋਕ ਦੁਸ਼ਮਣਾਂ ਦੇ ਰੂਪ ਵਿਚ ਹੀ ਉਭਰੇਗਾ। ਨਾਜ਼ੀ, ਜਰਮਨੀ, ਜਾਪਾਨੀ ਸੈਨਾਵਾਦ, ਅਟੇਲੀਅਨ ਫਾਸ਼ਿਜ਼ਮ ਵਾਂਗ ਹੀ ਖੁਮੈਨੀ ਦਾ ਇਸਲਾਮੀ ਰਾਜ, ਖਾਲਿਸਤਾਨੀਆਂ ਦਾ 'ਸਿੱਖ-ਅਭਿਮਾਨ', ਹਿੰਦੂ ਫਿਰਕਾਪ੍ਰਸਤਾਂ ਦਾ ਅੰਨ੍ਹਾ ਹਿੰਦੂਵਾਦ, ਫਿਰਕੂ ਮੁਸਲਮਾਨਾਂ ਦਾ ਸਿੱਟਾ ਲੋਕਾਂ ਦੀ ਏਕਤਾ ਨੂੰ ਤੋੜਦਾ ਹੈ, ਉਨ੍ਹਾਂ ਨੂੰ ਵੰਡਦਾ ਹੈ, ਉਨ੍ਹਾਂ ਦੀ ਗਰੀਬੀ ਨੂੰ ਹੋਰ ਪੱਕਿਆਂ ਕਰਦਾ ਹੈ ਅਤੇ ਆਪਸੀ ਮਿਲਵਰਤਨ-ਸਦਭਾਵਨਾ ਦਾ ਗਲਾ ਘੁਟਦਾ ਹੈ। ਭਾਰਤ ਦੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦੀ ਜੜ੍ਹ, ਭਾਰਤ ਦੀ


ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

# ਬਲਦੀ ਚਿਖਾ ਲੈ ਮੀਨੇ ਅੰਦਰ ਗੀਤ ਇੰਕਲਾਬ ਦੇ ਗਾਉਂਦਾ ਜਾਏ

—ਜੋਹਰਾ ਰਾਵੀ

ਮੜੀਆਂ ਵਿਚਲੀ ਚਿਖਾ ਦੁਆਲੇ
ਭਾਂਬੜ ਦੀਆਂ ਲਾਟਾਂ ਲੈ ਸੀਨੇ ਅੰਦਰ।
ਬੁੱਲਾਂ ਉਤੇ ਸੂਹੀ ਅੱਗ ਦੀ
ਸੰਜੀਦਗੀ ਦੇ ਰੱਖ ਅੰਗਾਰੇ।
ਵਿਚ ਹਵਾਵਾਂ ਫਰਫਰ ਕਰਦੇ,
ਸੂਹੇ ਝੰਡਿਆਂ ਹੇਠ ਖਲੋਤੇ,
ਹਜ਼ਾਰਾਂ ਦੇਦਿਕੱਠ 'ਚ ਉਲਾਰਕੇ ਬਾਹਾਂ,
ਇੰਕਲਾਬ ਦੇ ਨਾਅਰੇ ਲਾਉਣੇ
ਦੀਪਕ ਤੇਰੇ ਲਹੂ ਦੀ ਲੋਅ !
ਕੋਈ ਨਹੀਂ ਸਕਦਾ ਸਾਥੋਂ ਖੋਹ !!
ਦੀਪਕ ਤੇਰੇ ਸੂਹੇ ਬੋਲ !
ਤੇਰੀ ਅਮਾਨਤ ਸਾਡੇ ਕੋਲ !!
ਉੱਪਲ ਤੇਰਾ ਕਾਜ ਅਧੂਰਾ !
ਜਿੰਦੜੀ ਲਾ ਕੇ ਕਰਾਂਗੇ ਪੂਰਾ !!
ਜੇਕਰ ਕੋਈ ਅੱਜ ਸਿਖਣਾ ਚਾਹੇ,
ਆਏ ਤੁਰਤ ਪੰਜਾਬੇ ਆਏ।
ਉੱਪਲ ਸ਼ੇਰ ਦੀ ਮੜੀ ਤੇ ਆਏ,
ਸਤਿੰਦਰ ਕੋਲੋਂ ਸਿਖਦਾ ਜਾਏ।
ਤਰਨਤਾਰਨ ਦੇ ਸ਼ਮਸ਼ਾਨੀ,
ਅੰਜੂ ਵੀਰੀ ਤੋਂ ਪੁਛਦਾ ਜਾਏ।

ਭਗਤ ਸਰਾਭੇ ਬਣਨ ਦੀਆਂ ਰੁੱਤਾਂ,
ਕੌਣ ਕਹਿੰਦਾ ਬੀਤ ਨੇ ਗਈਆਂ ?
ਦੇਸ਼ ਦੀ ਖਾਤਿਰ ਮਰਨ ਦੀਆਂਘੜੀਆਂ,
ਝੂਠ ਨੇ ਕਹਿੰਦੇ ਪੁੱਗ ਨੇ ਗਈਆਂ।
ਅੱਜ ਵੀ ਮਾਵਾਂ ਹੱਸ ਹੱਸ ਵਾਰਨ,
ਪੁੱਤਰਾਂ ਦੇ ਮੁੱਲ ਹੱਥੀਂ ਤਾਰਨ,
ਰੋਜ ਹੀ ਨਵਾਂ ਸੱਲ ਸਹਾਰਨ।
ਸਿਵਿਆਂ ਦੀ ਅੱਗ ਲੈ ਸੀਨੇ ਅੰਦਰ,
ਰੋਕ ਕੇ ਭੁੱਬਾਂ ਗਲੇ ਤੋਂ ਹੇਠਾਂ,
ਹਿੱਕ ਨਾਲ ਲਾ ਪਲੇਠੇ ਬੱਚੇ,
ਜਿਹਨਾਂ ਕਦੇ ਮੁੜ ਸ਼ਾਮ ਨਹੀਂ ਤਕਣਾ,
ਸਤਿੰਦਰਾਂ ਨੇ ਮੁੜ ਸ਼ਹੁ ਨਹੀਂ ਤਕਣਾ।
ਯਕੀਨ ਦੇ ਬੇੜੇ ਠੇਲਕੇ ਨੈਣੀ,
ਹੰਝੂਆਂ ਦੇ ਸਾਗਰ ਤਰ ਲੈਣੇ,
ਬੁੱਢੇ ਬਾਪੂਆਂ ਅੰਦਰੋ ਅੰਦਰੀ,
ਸੀਨਿਆਂ ਵਿਚਲੇ ਮੱਚ ਭਰ ਲੈਣੇ।
ਉਲਾਰਕੇ ਬਾਹਾਂ ਫਿਰ ਉੱਚੀ ਕਹਿਣਾ,
ਉਠੋ ਪੰਜਾਬੀ ਭਾਈਓ ਉਠੋ,
ਹਿੰਦੁਸਤਾਨੀ ਲੋਕੋ ਉਠੋ,
ਬੁਰਛਾਗਰਦੀ ਦੇ ਕਾਲੇ ਮੂੰਹ ਤੇ,
ਉਠੋ ਲੋਕੋ ਉਠੋ ਥੁਕੋ।
ਬਈਮਾਨ ਸੌਦਾਗਰ ਧੰਨੇ,
ਤੇ ਸਾਮਰਾਜੀ ਜੁੰਡੀ ਤੇ ਥੁਕੋ।
ਕਰਕੇ ਗਲੀ ਬਾਜ਼ਾਰੀ ਨੰਗੇ
ਸੰਸਾਰ ਭਰ ਦੇ ਵੈਰੀ ਨੂੰ ਕੁਟੋ।
ਜਬਰ ਜ਼ੁਲਮ ਦੀ ਬੋਹੜ ਪੁਰਾਣੀ,
ਪੁਟੋ ਇਸਨੂੰ ਜੜ੍ਹਾਂ ਤੋਂ ਪੁਟੋ।
ਪੁੱਤਰਾਂ, ਪਤੀਆਂ, ਵੀਰਾਂ ਵਾਲੇ,
ਸੀਨੇ ਅੰਦਰ ਸੱਲ ਸੰਭਾਲੀ,
ਫਿਰ ਵੀ ਜਿਹੜਾ ਨਾਅਰੇ ਮਾਰੇ,
ਨਾਲੇ ਉੱਚੀ ਬਾਂਹ ਉਲਾਰੇ,
ਉੱਚੀ ਉੱਚੀ ਪਿਆ ਪੁਕਾਰੇ,
"ਸ਼ਹੀਦੋ ਤੁਹਾਡੇ ਕਾਜ ਅਧੂਰੇ,
ਜਿੰਦੀੜੀਆਂ ਲਾ, ਕਰਾਂਗੇ ਪੂਰੇ
ਘੁੱਟੋ ਉਹਨਾਂ ਨੂੰ ਰੱਜ ਕੇ ਘੁੱਟੋ,
ਸੀਨੇ ਦੇ ਨਾਲ ਲਾ ਲਾ ਘੁਟੋ।
ਚੁੰਮੋ ਮੱਥੇ ਤੇ ਹੱਥ ਮਿਲਾਵੋ
ਅੱਖਾਂ ਵਿਚ ਪਾ ਅੱਖਾਂ ਘੁੱਟੋ।
ਜੋ ਵੀ ਕੋਈ ਇਹ ਤੱਕਣਾ ਚਾਹੇ,
ਦੇਸ਼ ਕੌਮ ਲਈ ਮਰਨਾ ਚਾਹੇ,
ਅੱਜ ਸਾਡੇ ਕੋਲੋਂ ਸਿਖਕੇ ਜਾਏ।
ਬਲਦੀ ਚਿਖਾ ਲੈ ਸੀਨੇ ਅੰਦਰ,
ਕਿੰਝ ਪਿਆ ਕੋਈ ਨਾਅਰੇ ਲਾਏ।
ਸੂਹੇ ਝੰਡਿਆਂ ਦੀ ਖੜਕੇ
ਗੀਤ ਇੰਕਲਾਬ ਦੇ ਗਾਉਂਦਾ ਜਾਏ।


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

### ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ

ਇੰਡੋ-ਕਨੇਡੀਅਨ ਟਾਈਮਜ਼ ਦੇ 22 ਜੁਲਾਈ 1988 ਦੇ ਅੰਕ ਦੇ ਸਫਾ 21 ਉੱਤੇ ਇਕ ਲੇਖ ਦੇ ਥੱਲੇ ਸੰਪਾਦਕੀ ਨੋਟ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਸੰਬੰਧੀ ਜੋ ਸਾਥੀ ਅਮਰਜੀਤ ਸੂਫੀ ਹੋਰਾਂ ਵਾਰੇ ਫੁੱਟ ਪਾਉਣ ਦਾ ਬੇ-ਬੁਨਿਆਦ ਤੇ ਝੂਠਾ ਇਲਜ਼ਾਮ ਲਾਇਆ ਹੈ, ਅਸੀਂ ਉਸ ਦਾ ਖੰਡਨ ਕਰਦੇ ਹਾਂ।

ਇਹ ਲੋਕ ਅਸਲੀਅਤ ਨੂੰ ਲਕੋਣ ਲਈ, ਤੱਥ ਮਰੋੜ ਕੇ ਅਤੇ ਗਲਤ ਪ੍ਰਚਾਰ ਕਰ ਰਹੇ ਹਨ ਕਿ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨਾਮ ਮਾਤਰ ਰਹਿ ਗਈ ਹੈ ਅਤੇ ਲੋਕਾਂ ਵਿਚ ਨਹੀਂ ਅਤੇ ਫੁੱਟ ਦਾ ਸ਼ਿਕਾਰ ਹੈ। ਇਹ ਸਭ ਝੂਠਾ ਪ੍ਰਚਾਰ ਇਸ ਬਰੌਡ ਤੇ ਲੋਕ ਜਥੇਬੰਦੀ ਨੂੰ ਬਦਨਾਮ ਤੇ ਕਮਜ਼ੋਰ ਕਰਨ ਦਾ ਇਕ ਅਸਫਲ ਯਤਨ ਤੇ ਗਲਤ ਸੋਚ ਹੈ। ਇਹ ਜਥੇਬੰਦੀ ਅੱਗੇ ਨਾਲੋਂ ਕਿਤੇ ਜ਼ਿਆਦਾ ਨਿੱਗਰ ਤੇ ਵਧੀ ਫੁੱਲੀ ਹੈ ਅਤੇ ਇਸ ਦੀ ਏਕਤਾ ਤੇ ਸਹੀ ਸੇਧ ਦੇ ਸਦਕੇ ਹੀ ਕਈ ਅਹਿਮ ਕੰਮਾਂ ਤੇ ਪਹਿਲ ਕਦਮ ਹੋਈ ਅਤੇ ਲੋਕਾਂ ਦੇ ਕੁਝ ਕੁ ਮਸਲਿਆਂ ਤੇ ਸਫਲਤਾ ਵਲ ਵਧੀ ਹੈ।

ਇਹ ਇਸ ਦੀ ਸਹੀ ਸੇਧ ਅਤੇ ਇਕਮੁੱਠਤਾ (ਜਿਸ ਵਿਚ ਹਰ ਮੈਂਬਰ ਨੇ ਠੋਸ ਹਿਸਾ ਪਾਇਆ) ਦਾ ਹੀ ਨਤੀਜਾ ਹੈ ਕਿ ਵੈਨਕੂਵਰ ਦੇ ਘਰਾਂ ਅਤੇ ਬੇਸਮੈਂਟਾਂ ਦੇ ਸਵਾਲ ਤੇ ਇਸ ਜਥੇਬੰਦੀ ਨੇ ਵੱਡੇ ਹਾਲਾਂ (1986-87 ਵਿਚ) ਵਿਚ ਤਿੰਨ ਭਰਵੀਆਂ ਮੀਟਿੰਗਾਂ ਕੀਤੀਆਂ। ਲੋਕਾਂ ਨੇ ਜ਼ਬਰਦਸਤ ਹੁੰਗਾਰਾ ਭਰਿਆ ਤੇ ਸਾਥ ਦਿੱਤਾ। ਅਤੇ ਵੈਨਕੂਵਰ ਦੀ ਸਿਟੀ ਕੌਂਸਲ ਨੂੰ ਮੁੜ ਸੋਚਣਾ ਪਿਆ ਅਤੇ ਪਰਿਵਾਰਾਂ ਲਈ ਬੇਸਮੈਂਟਾਂ ਨੂੰ ਕਾਨੂੰਨੀ ਕਰਨ ਲਈ ਮਜਬੂਰ ਕੀਤਾ। ਛੇਤੀ ਹੀ ਇਸ ਵਾਰੇ ਵੈਨਕੂਵਰ ਕੌਂਸਲ ਸਾਰੇ ਸ਼ਹਿਰ ਵਿਚ ਕਰਨ ਵਾਰੇ ਦੱਸੇਗੀ। ਇਸ ਹੀ ਤਰ੍ਹਾਂ ਕਿਰਾਏ ਤੇ ਦੇਣ ਲਈ (ਬੇਸਮੈਂਟਾਂ) ਵਾਰੇ ਭੀ ਗਲ ਚੱਲ ਰਹੀ ਹੈ। ਜੁਆਇਸ ਏਰੀਏ ਵਿਚ ਅੱਧ ਤੋਂ ਵੱਧ ਵਿਚ ਕਿਰਾਏ ਲਈ ਬੇਸਮੈਂਟਾਂ ਨੂੰ ਜਾਇਜ਼ ਕਰਾਉਣ ਵਿਚ ਭੀ ਇਸ ਨੇ ਯੋਗ ਹਿਸਾ ਪਾਇਆ।

ਇਮੀਗਰੇਸ਼ਨ ਤੇ ਖਾਸ ਕਰ ਰਿਫੀਊਜ਼ੀਆਂ ਦੇ ਮਸਲੇ ਉੱਤੇ (ਬਿਲ ਸੀ-55 ਅਤੇ ਸੀ-84) ਅਤੇ ਦੁਆਈਆਂ ਦੇ ਪੇਟੈਂਟਾਂ ਬਾਰੇ ਭੀ ਮੌਬਰਲੀ ਹਾਲ ਵਿਚ ਮੀਟਿੰਗ ਕੀਤੀ। ਸ਼ਹੀਦੇ-ਆਜ਼ਮ ਭਗਤ ਸਿੰਘ ਦਿਵਸ ਭੀ ਹਾਲ ਵਿਚ ਧੂਮ ਧਾਮ ਨਾਲ ਮਨਾਇਆ। ਇਸ ਹੀ ਤਰ੍ਹਾਂ ਵਿਲੀਅਮਜ਼ਲੇਕ ਵਿਚ ਭੀ ਹਰ ਸਾਲ ਵੱਡੇ ਹਾਲ ਵਿਚ ਜਲਸੇ ਕਰਕੇ ਦੇਸ਼ ਦੀ ਅਖੰਡਤਾ ਤੇ ਭਰਾਤਰੀ ਭਾਵ ਤੋਂ ਲੈ ਕੇ ਇਮੀਗਰੇਸ਼ਨ ਤੇ ਕਨੇਡੀਅਨ ਆਰਥਕਤਾ ਤਕ ਖੁਲੇਆਮ ਵਿਚਾਰ ਅਧੀਨ ਲਿਆਂਦੇ। 15 ਮਈ 1988 ਨੂੰ ਨਿਊਟਨ ਕਮਿਊਨਿਟੀ ਸੈਂਟਰ ਸਰੀ ਦੇ ਹਾਲ ਵਿਚ ਮੀਟਿੰਗ ਕੀਤੀ ਗਈ ਜਿਸ ਵਿਚ ਭਾਰਤੀ ਅਖੰਡਤਾ ਭਰਾਤਰੀ ਸਦਭਾਵਨਾ ਅਤੇ ਕੈਨੇਡਾ-ਅਮਰੀਕਾ ਦੀ ਫਰੀ ਟਰੇਡ ਤੇ ਚਰਚਾ ਹੋਈ।

ਇਹ ਲੋਕਾਂ ਦੀ ਜਥੇਬੰਦੀ ਲੋਕਾਂ ਵਿਚ ਖੁੱਲੇਆਮ ਵਿਚਰਦੀ ਹੈ ਅਤੇ ਪਬਲਿਕ ਮੀਟਿੰਗਾਂ, ਐਕਸਟੈਂਡਿਡ ਮੀਟਿੰਗਾਂ ਕਰਕੇ ਹੀ ਸਫਲ ਹੋ ਸਕਦੀ ਹੈ ਤੇ ਹੋ ਰਹੀ ਹੈ। ਇਸ ਜਥੇਬੰਦੀ ਨੇ ਫਾਰਮ ਵਰਕਰਜ਼ ਦੀ ਮੱਦਦ ਕਰਨ ਤੋਂ ਲੈ ਕੇ ਮਈ ਦਿਵਸ ਅਤੇ ਅਮਨ ਮਾਰਚਾਂ ਵਿਚ ਸਰਗਰਮ ਹਿਸਾ ਲਿਆ ਹੈ। ਇਸ ਨੂੰ ਅੱਗੇ ਵਧਾਉਣ ਲਈ ਤੇ ਹੋਈਆਂ ਕਾਰਵਾਈਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ 'ਲੋਕਤਾ' 'ਕੈਨੇਡਾ ਦਰਪਣ' ਵਿਚ ਲਿਖਿਆ ਤੇ ਰੀਪੋਰਟਾਂ ਛਾਪੀਆਂ ਹਨ। ਅੰਗਰੇਜ਼ੀ ਮੀਡੀਏ ਵਿਚ ਭੀ ਕਾਫੀ ਆਉਂਦਾ ਰਿਹਾ ਹੈ, ਜਿਵੇਂ 'ਸਨ' ਤੇ 'ਪ੍ਰੋਵਿੰਸ' ਅਖਬਾਰਾਂ ਅਤੇ ਟੀ. ਵੀ. ਤੇ ਰੇਡੀਓ ਉੱਤੇ। ਇਸ ਜਥੇਬੰਦੀ ਨੂੰ ਅੱਗੇ ਲਿਜਾਣ, ਵਧਾਉਣ ਅਤੇ ਮਜ਼ਬੂਤ ਕਰਨ ਵਿਚ ਆਮ ਲੋਕਾਂ ਦਾ ਹੱਥ ਹੈ ਹੀ ਕਿਉਂਕਿ ਲੋਕ ਹੀ ਤਾਂ ਜਥੇਬੰਦੀ ਦੀ ਜਿੰਦ ਜਾਨ ਹੁੰਦੇ ਹਨ। ਪਰ ਨਾਲ ਹੀ ਇਸ ਦੀ ਕਮੇਟੀ, ਅਹੁਦੇਦਾਰਾਂ ਤੇ ਸਰਗਰਮ ਮੈਂਬਰਾਂ ਨੇ ਠੋਸ ਸਰਗਰਮ ਹਿਸਾ ਪਾਇਆ ਹੈ। ਇਹਨਾਂ ਸਭ ਦੀ ਇਕਸੁਰਤਾ ਤੇ ਇਕਮੁੱਠਤਾ ਨੇ ਹੀ ਹੋਈਆਂ ਸਭ ਕਾਰਵਾਈਆਂ ਨੂੰ ਚਲਾਇਆ ਅਤੇ ਲੋਕ ਮਸਲਿਆਂ ਤੇ ਜਦੋ ਜਹਿਦ ਨੂੰ ਅੱਗੇ ਤੋਰਿਆ।

ਸੋ ਜਿਹੜੇ ਲੋਕ ਇਹ ਪ੍ਰਚਾਰ ਕਰਦੇ ਹਨ ਕਿ ਇਹਨਾਂ ਵਿਚ ਫੁੱਟ ਹੈ ਜਾਂ ਜੋ ਫੁੱਟ ਪਾਉਣ ਦਾ ਯਤਨ ਕਰਦੇ ਜਾਂ ਸੋਚ ਰਖਦੇ ਹਨ, ਉਹ ਸਫਲ ਨਹੀਂ ਹੋ ਸਕਦੇ। ਸਭ ਸਾਥੀ ਬਾਹਰਲੀਆਂ ਚਾਲਾਂ ਨੂੰ ਸਮਝਦੇ ਹਨ। ਸੋ ਦੁਬਾਰਾ ਫੇਰ ਦਸ ਦੇਈਏ ਕਿ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਇਸ ਦੇ ਵਰਕਰ ਇਕਮੁੱਠ ਹਨ ਅਤੇ ਹਰ ਯੋਗ ਢੰਗ ਨਾਲ ਇਸ ਦੀ ਸਫਲਤਾ ਤੇ ਵਾਧੇ ਲਈ ਹਿਸਾ ਪਾ ਰਹੇ ਹਨ।

**ਵਲੋਂ : ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ**


**BHARTI ART JEWELLERS**
6524, Main Street, At 49 Ave.
Vancouver B.C. Canada V5X-3G9
3278711 R. 8795610
ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ ਵਿੱਚ ਮਾਹਿਰ ਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ-ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਕੰਨਾ ਤੇ ਨੱਕ ਲਈ ਪਿਨਜ਼ ਵੀ ਬਣਾਉਂਦੇ ਹਾਂ।


SANTORIA
**PIZZA**
13979-16TH AVE.
IN THE NICHOL PLAZA
DELIVERY AFTER
4:30 p.m.
CALL 531-2772

**Star Drywall Construction Co. Ltd.**
- Complete Drywall Service
- Guaranteed Work
- Free Estimates

Sahib or Nake
Ph. (604) 589-4830
P.O.BOX 639
SURREY, B.C. V3T 5L9

"ਹਕੀਕਤ ਇਹ ਹੈ ਕਿ ਹਥਿਆਰਬੰਦ ਦਹਿਸ਼ਤਪਸੰਦ ਬਰਤਾਨਵੀ ਧਰਤੀ ਤੋਂ ਦੀਦਾ ਦਲੇਰੀ ਨਾਲ ਹਿੰਦ-ਵਿਰੋਧੀ ਦਹਿਸ਼ਤਗਰਦ ਸਰਗਰਮੀਆਂ ਜਾਰੀ ਰਖ ਰਹੇ ਹਨ।"

ਦੈਨਿਕ ਨੇ ਅਮਰੀਕਾ ਵਿਚ ਰਹਿ ਰਹੇ ਇਕ ਹੋਰ ਅਖੌਤੀ ਖਾਲਿਸਤਾਨੀ ਆਗੂ ਜੀ. ਐਸ. ਢਿਲੋਂ ਦੇ ਬਿਆਨ ਦਾ ਹਵਾਲਾ ਦਿੱਤਾ ਹੈ। ਇਸ ਵਿਚ ਢਿਲੋਂ ਨੇ ਕਿਹਾ ਸੀ ਕਿ ਅੱਤ-ਵਾਦੀ ਆਗੂ ਹਿੰਦ ਵਿਚ ਸਿਰਲਥ ਦਸਤੇ ਸਮਗਲ ਕਰ ਰਹੇ ਹਨ ਜਿਹੜੇ ਦਹਿਸ਼ਤ ਤੇ ਸਾਬੋਤਾਜ ਦੀਆਂ ਕਾਰਵਾਈਆਂ ਕਰਦੇ ਹਨ ਤੇ ਵਾਰਦਾਤਾਂ ਲਈ ਹਥਿਆਰਾਂ ਦੀ ਖਰੀਦ ਕਰਦੇ ਹਨ। ਇਹ ਅਖੌਤੀ ਸਿਰਲਥ ਦਸਤੇ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ, ਬੰਬ ਧਮਾਕੇ ਕਰ ਰਹੇ ਹਨ। ਇਸ ਤਰ੍ਹਾਂ ਇਹ ਲੋਕ ਸਹਿਮ ਦਾ ਮਾਹੌਲ ਪੈਦਾ ਕਰਦੇ ਹਨ।

ਅਖਬਾਰ ਨੇ ਲਿਖਿਆ ਹੈ, "ਢਿਲੋਂ ਬੜਾ ਘਿਰਣਾ-ਜਨਕ ਵਿਅਕਤੀ ਹੈ ਤੇ ਬਹੁਤੀ ਅਹਿਮੀਅਤ ਨਹੀਂ ਰਖਦਾ। ਜਿਹੜੇ ਲੋਕ ਅਸਲ ਕਰਤਾ ਧਰਤਾ ਹਨ, ਉਹਨਾਂ ਉਸ ਨੂੰ ਆਪਣੇ ਅੱਗੇ ਰਖਿਆ ਹੋਇਆ ਹੈ।"

ਅਖਬਾਰ ਨੇ ਲਿਖਿਆ ਹੈ ਕਿ ਅਮਰੀਕਾ, ਬਰਤਾ-ਨੀਆ, ਕੈਨੇਡਾ, ਪਛਮੀ ਜਰਮਨੀ ਤੇ ਹੋਰ ਪਛਮੀ ਦੇਸ਼, ਜਿਹਨਾਂ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਖੀ ਹੈ, ਉਹ ਥੋਹੜੀ ਜਾਂ ਬਹੁਤੀ ਹਦ ਤਕ ਪੰਜਾਬ ਦੇ ਦੁਖਾਂਤ ਦੇ ਜਾਣੇ ਜਾਂ ਅਣਜਾਣੇ ਸਹਿ-ਨਿਰਦੇਸ਼ਕ ਬਣੇ ਹੋਏ ਹਨ।

ਸੋਵੀਅਤ ਅਖਬਾਰ ਨੇ ਸਾਮਰਾਜੀ ਦੇਸ਼ਾਂ ਦੀਆਂ ਭਾਰਤ ਵਿਰੋਧੀ ਸਾਜਿਸ਼ਾਂ ਤੇ ਚਾਲਾਂ ਦੇ ਸਬੰਧ ਵਿਚ ਜੋ ਕੁਝ ਵੀ ਕਿਹਾ ਹੈ ਉਹ ਇਕ ਨੰਗਾ ਚਿੱਟਾ ਸੱਚ ਹੈ।

ਸੋਵੀਅਤ ਯੂਨੀਅਨ ਦੇ ਅਖਬਾਰ ਦੀ ਇਹ ਟਿਪਣੀ ਉਸ ਸਮੇਂ ਸੰਸਾਰ ਦੀ ਜਨਤਾ ਸਾਹਮਣੇ ਆਈ ਹੈ ਜਦੋਂ ਕਿ ਭਾਰਤ ਦੇ ਪਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਆਪਣੇ ਬਦੇਸ਼ੀ ਦੌਰੇ ਸਮੇਂ ਖੁਲ੍ਹੇ ਆਮ ਇਹ ਆਖ ਰਹੇ ਹਨ ਕਿ ਪਾਕਿਸਤਾਨ ਪੰਜਾਬ ਦੇ ਦਹਿਸ਼ਤਗਰਦਾਂ ਨੂੰ ਹਰ ਢੰਗ ਨਾਲ ਮਦਦ ਅਤੇ ਹੱਲਾ-ਸ਼ੇਰੀ ਦੇ ਰਿਹਾ ਹੈ।

ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਨੂੰ ਸਾਮ-ਰਾਜੀ ਮਦਦ ਦੇ ਸਬੰਧ ਵਿਚ ਭਾਵੇਂ ਪਰਧਾਨ ਮੰਤਰੀ ਰਾਜੀਵ ਗਾਂਧੀ ਕੁਝ ਕਾਰਨਾਂ ਕਰਕੇ ਖਾਮੋਸ਼ ਹਨ ਪਰ ਸਮਝਣ ਵਾਲੇ ਸਮਝ ਰਹੇ ਹਨ ਕਿ ਇਸ਼ਾਰਾ ਕਿਧਰ ਹੈ।

ਲੋੜ ਇਸ ਗੱਲ ਦੀ ਹੈ ਕਿ ਜਿਥੇ ਅੱਤਵਾਦੀ-ਵੱਖ-ਵਾਦੀ ਤੱਤਾਂ ਨੂੰ ਸਾਮਰਾਜੀ ਏਜੰਟਾਂ ਵਜੋਂ ਨੰਗਾ ਕੀਤਾ ਜਾਵੇ ਉਥੇ ਨਾਲ ਹੀ ਨਾਲ ਸਾਮਰਾਜੀ ਦੇਸ਼ਾਂ ਵਲੋਂ ਅੱਤਵਾਦੀ-ਵੱਖਵਾਦੀ ਲਹਿਰ ਦੀ ਮਦਦ ਕਰਨ ਅਤੇ ਆਪੋ ਆਪਣੇ ਦੇਸ਼ਾਂ ਅੰਦਰ ਖਾਲਿਸਤਾਨੀ ਤੱਤਾਂ ਨੂੰ ਪਲੋਸਣ ਦੀ ਵੀ ਡਟਕੇ ਨਿੰਦਾ ਕੀਤੀ ਜਾਵੇ।

ਪੰਜਾਬ ਦੀ ਹੀ ਨਹੀਂ ਸਗੋਂ ਦੇਸ ਅੰਦਰ ਚਲ ਰਹੀਆਂ ਹੋਰ ਅੱਤਵਾਦੀ-ਵੱਖਵਾਦੀ ਲਹਿਰਾਂ ਦੀ ਮਦਦ ਕਰਨ ਕਰਕੇ ਸਾਮਰਾਜੀ ਦੇਸ਼, ਵਿਸ਼ੇਸ਼ ਕਰਕੇ ਅਮਰੀਕੀ ਸਾਮਰਾਜ, ਬੁਰੀ ਤਰਾਂ ਨੰਗੇ ਹੋ ਚੁਕੇ ਹਨ। ਪਰ ਸਾਡੇ ਦੇਸ਼ ਅੰਦਰ ਕੁਝ ਸਿਆਸੀ ਪਾਰਟੀਆਂ ਹਾਲੇ ਤਕ ਵੀ ਸਾਮਰਾਜੀ ਦੇਸ਼ਾਂ ਦੇ ਸੋਹਲੇ ਗਾਉਣੋਂ ਨਹੀਂ ਹਟਦੀਆਂ।

ਆਖਰ ਕੀ ਕਾਰਨ ਹੈ ਕਿ ਇਹ ਸਿਆਸੀ ਪਾਰਟੀਆਂ ਅਮਰੀਕਾ ਵਿਰੁਧ ਉਸ ਸਮੇਂ ਵੀ ਮੂੰਹ ਖੋਲਣ ਲਈ ਤਿਆਰ ਨਹੀਂ ਜਦੋਂ ਕਿ ਇਸ ਵਲੋਂ ਨੰਗਾ ਚਿੱਟਾ ਭਾਰਤ ਵਿਰੋਧੀ ਰੋਲ ਅਦਾ ਕੀਤਾ ਜਾ ਰਿਹਾ ਹੈ।

ਸਮਾਂ ਆ ਗਿਆ ਹੈ ਕਿ ਭਾਰਤ ਦੇ ਦੋਸਤਾਂ ਅਤੇ ਮਿੱਤਰਾਂ ਦੀ ਪਛਾਣ ਕੀਤੀ ਜਾਵੇ ਅਤੇ ਉਹਨਾਂ ਸ਼ਕਤੀਆਂ ਦਾ ਕਿਸੇ ਵੀ ਤਰਾਂ ਲਿਹਾਜ਼ ਨਾ ਕੀਤਾ ਜਾਵੇ ਜਿਹੜੀਆਂ ਕਿ ਦੇਸ ਨੂੰ ਢਹਿ-ਢੇਰੀ ਕਰਨ ਲਈ ਪੂਰੀ ਵਾਹ ਲਾ ਰਹੀਆਂ ਹਨ।

---

'ਪੈਸੇ!' ਉਸ ਨੇ ਕਾਹਲੀ ਨਾਲ ਆਪਣੀ ਪੈਂਟ ਦੀ ਜੇਬ 'ਚ ਹੱਥ ਪਾਉਂ-ਦਿਆਂ ਕਿਹਾ।

ਪਲਾਂ-ਛਿਣਾਂ 'ਚ ਹੀ ਉਸਦਾ ਹੱਥ ਪੈਂਟ ਦੀਆਂ ਅਤੇ ਕਮੀਜ਼ ਦੀਆਂ ਸਾਰੀਆਂ ਜੇਬਾਂ 'ਚ ਘੁੰਮ ਗਿਆ।

'ਪਿੱਛੇ ਜਾ ਕੇ ਥੋੜੇ ਜਿਹੇ ਦਿਨਾਂ ਤਕ ਭੇਜ ਦਿਆਂਗਾ', ਇਕ ਵਾਰ ਫੇਰ ਮੈਂ ਤਰਲਾ ਜਿਹਾ ਕਰਦਿਆਂ ਬੋਲਿਆ।

ਦੋ ਕੁ ਪਲ ਉਹ ਮੇਰੀ ਗਲ ਸੁਣ ਕੁਝ ਸੋਚਦਾ ਰਿਹਾ।

'ਯਾਰ, ਤੂੰ ਸਵੇਰੇ ਕਿਉਂ ਨਾ ਕਿਹਾ ਮੈਨੂੰ। ਸਵੇਰੇ ਪੈਸੇ ਸੀ ਮੇਰੇ ਕੋਲ' ਉਹ ਦਿਆਂ ਕਿਹਾ।

ਐਨਾ ਚਾਨਣ ਹੁੰਦੇ ਹੋਏ ਵੀ ਮੈਨੂੰ ਸਾਰਾ ਆਲਾ ਦੁਆਲਾ ਹਨੇਰਾ ਹਨੇਰਾ ਲਗ ਰਿਹਾ ਸੀ।

ਮੈਂ ਸਾਹਮਣੇ ਖੜੇ ਚੇਹਰੇ ਵਲ ਬੜੇ ਹੀ ਗਹੁ ਨਾਲ ਵੇਖ ਰਿਹਾ ਸੀ। ਅੱਖਾਂ ਤੇ ਬੜਾ ਹੀ ਜ਼ੋਰ ਪਾਉਣ ਤੇ ਮੈਨੂੰ ਲਗਿਆ, ਜਿਵੇਂ ਮੇਰੇ ਸਾਹਮਣੇ ਦੇਵ ਨਹੀਂ ਕੋਈ ਹੋਰ ਹੀ ਖੜਾ ਹੋਵੇ।

'ਏਹ ਮੈਂ ਕੀਹਨੂੰ ਪੁਛ ਬੈਠਾਂ?' ਸਾਹਮਣੇ ਖੜੇ ਓਪਰੇ ਆਦਮੀ ਨੂੰ ਵੇਖ ਦੇਵ ਮੈਂ ਸ਼ਰਮ ਨਾਲ ਪਾਣੀਓਂ ਪਾਣੀ ਹੁੰਦਾ ਜਾ ਰਿਹਾ ਸੀ।

'ਮੁਆਫ ਕਰਨਾ ਮੈਂ ਥੋਨੂੰ ਗਲਤੀ ਨਾਲ ਆਖ ਬੈਠਾ, ਮੈਂ ਤਾਂ ਸੋਚਿਆ ਸੀ ਕੁਨੀਂ ਦੇਵ ਹੀ ਹੋ, ਮੇਰੇ ਦੋਸਤ,' ਏਨਾ ਕਹਿੰਦਿਆਂ ਮੈਨੂੰ ਖੰਘ ਦਾ ਅਜਿਹਾ ਹੁੱਥੂ ਛਿੜਿਆ ਕਿ ਮੈਂ ਛਾਤੀ ਫੜ ਭੁੰਜੇ ਹੀ ਬੈਨ ਗਿਆ।

ਭੁੰਜੇ ਬੈਠਿਆਂ ਮੈਨੂੰ ਲਗਿਆ ਜਿਵੇਂ ਛਾਤੀ ਤਾਂ ਹੁਣ ਦਰਦ ਨਾਲ ਹੀ ਫਟ ਜਾਏਗੀ।


# dhannu printing co. ltd.

# ਧੰਨੂ ਪ੍ਰਿੰਟਿਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

**Ph. Bus. 585-2004 Res. 585-7916**

10281 - 133A St., SURREY, B.C. V3T 4A1

# ਉਹ ਨਹੀਂ : ਕਹਾਣੀ

ਨਛੱਤਰ

ਬੱਸ ਮੈਨੂੰ ਪਿੰਡ ਦੇ ਟੋਟੇ ਤੇ ਲਾਹ ਕੇ ਅੱਗੇ ਤੁਰ ਪਈ। ਮੇਰੇ ਨਾਲ ਦੋ ਤਿੰਨ ਸਵਾਰੀਆਂ ਹੋਰ ਵੀ ਉਤਰੀਆਂ ਪਰ ਉਹ ਸ਼ਾਇਦ ਕਾਹਲੀ 'ਚ ਹੋਣ ਕਾਰਨ ਤੇਜ਼-ਤੇਜ਼ ਕਦਮ ਪੁੱਟਦੀਆਂ ਮੈਨੂੰ ਸੜਕ ਕੰਢੇ ਖੜੇ ਨੂੰ ਹੀ ਛੱਡ ਕਾਫ਼ੀ ਅਗੇ ਨਿਕਲ ਗਈਆਂ ਸਨ। ਮੈਂ ਸੜਕ ਤੋਂ ਲੈ ਕੇ ਪਿੰਡ ਤੱਕ ਪਿਛੇ ਪਏ ਮੀਲ ਕੁ ਦੇ ਪਹੇ ਤੇ ਦੂਰ ਤੱਕ ਨਿਗਾਹ ਸੁੱਟੀ। ਭਾਵੇਂ ਆਥਣ ਦਾ ਸੂਰਜ ਠੰਢਾ ਪੈਂਦਾ ਜਾ ਰਿਹਾ ਸੀ ਪਰ ਮੈਨੂੰ ਸੜਕ ਕੰਢੇ ਲਾਗਲੀ ਟਾਹਲੀ ਹੇਠ ਖੜੇ ਨੂੰ ਧੁੱਪ 'ਚ ਇਕ ਪੈਰ ਪੁੱਟਣਾ ਵੀ ਮੁਹਾਲ ਹੋ ਗਿਆ ਲੱਗਿਆ। ਮੈਂ ਲਾਗੇ ਹੀ ਲੱਗੇ ਨਲਕੇ ਤੋਂ ਦੋ ਚੂਲੀਆਂ ਪਾਣੀ ਪੀਤਾ ਅਤੇ ਅੱਖਾਂ ਤੇ ਠੰਢੇ ਪਾਣੀ ਦੇ ਛਿੱਟੇ ਮਾਰਨ ਤੋਂ ਬਾਅਦ ਹੌਲੀ ਹੌਲੀ ਕਦਮ ਪੁੱਟਦਾ ਪਿੰਡ ਵੱਲ ਨੂੰ ਤੁਰ ਪਿਆ।

ਮੈਂ ਅਜੇ ਕੁਝ ਹੀ ਦੂਰ ਗਿਆ ਹੋਵਾਂਗਾ ਕਿ ਟੋਭੇ 'ਚੋਂ ਨਿਕਲ ਕੇ ਪਿੰਡ ਵੱਲ ਨੂੰ ਭੱਜੀਆਂ ਜਾ ਰਹੀਆਂ ਮੱਝਾਂ ਮੇਰੇ ਲਾਗੋਂ ਦੀ ਦਗੜ ਦਗੜ ਕਰਦੀਆਂ ਲੰਘ ਗਈਆਂ। ਉਨ੍ਹਾਂ ਦੇ ਖੁਰਾਂ ਨਾਲ ਉੱਡੀ ਭੱਸੀ ਕਾਰਨ ਮੈਨੂੰ ਸਾਹ ਲੈਣਾ ਔਖਾ ਔਖਾ ਜਾਪਿਆ। ਉਸ ਪਲ ਮੈਨੂੰ ਖੰਘ ਦਾ ਇਕ ਅਜਿਹਾ ਲੰਬਾ ਹੁੱਥੂ ਛਿੜਿਆ ਕਿ ਮੇਰਾ ਮੱਥਾ ਮੁੜ੍ਹਕੋ ਮੁੜ੍ਹਕੀ ਹੋ ਗਿਆ। ਮੈਂ ਛਾਤੀ ਫੜ ਦੋ ਕੁ ਪਲ ਪਹੇ ਦੇ ਇਕ ਪਾਸੇ ਜਿਹੇ ਹੋ ਬੈਠ ਗਿਆ।

ਬੈਠੇ ਬੈਠਿਆਂ ਮੈਂ ਪਿੰਡ ਦੇ ਘਰਾਂ ਵੱਲ ਬੜੀ ਹੀ ਹਸਰਤ ਨਾਲ ਦੇਖਿਆ। ਭਾਵੇਂ ਇਹ ਮੇਰਾ ਪਿੰਡ ਨਹੀਂ ਸੀ ਪਰ ਫੇਰ ਵੀ ਮੈਨੂੰ ਇਹ ਆਪਣਾ ਆਪਣਾ ਲੱਗ ਰਿਹਾ ਸੀ। ਹੁਣ ਤਾਂ ਜਿਵੇਂ ਮੁੱਦਤਾਂ ਹੀ ਹੋ ਗਈਆਂ ਸਨ, ਇਸ ਪਿੰਡ ਆਇਆਂ। ਅੱਜ ਵੀ ਪਿੰਡੋਂ ਹਸਪਤਾਲ ਆਇਆ ਸੀ ਪਰ ਉਥੇ ਹੀ ਸਾਰਾ ਦਿਨ ਧੱਕੇ ਖਾਂਦਿਆਂ ਲੰਘ ਗਿਆ ਅਤੇ ਕੱਲ੍ਹ ਫੇਰ ਆਉਣਾ ਪੈਣਾ ਸੀ। ਦੇਵ ਦਾ ਪਿੰਡ ਲਾਗੇ ਹੀ ਹੋਣ ਕਰਕੇ ਮੈਂ ਇਧਰ ਹੀ ਆ ਗਿਆ। ਸੋਚਿਆ ਇਥੋਂ ਸਵੇਰੇ ਜਲਦੀ ਹੀ ਹਸਪਤਾਲ ਪਹੁੰਚ ਜਾਵਾਂਗਾ।

ਬੈਠੇ ਬੈਠੇ ਮੇਰੀ ਨਿਗਾਹ ਦੂਸਰੇ ਹੱਥ 'ਚ ਫੜੇ ਥੈਲੇ ਤੇ ਪਈ, ਜਿਸ ਦੇ ਮੂੰਹ 'ਚੋਂ ਪੀਲੇ ਕਾਗਜ਼ਾਂ 'ਚ ਲਿਪਟੇ ਐਕਸ-ਰੇ ਬਾਹਰ ਨੂੰ ਝਾਕ ਰਹੇ ਸਨ। ਉਨ੍ਹਾਂ ਨੂੰ ਇਸ ਤਰ੍ਹਾਂ ਮੇਰੇ ਵੱਲ ਵੇਖਦਿਆਂ ਮੈਨੂੰ ਲੱਗਿਆ, ਜਿਵੇਂ ਮੇਰੀ ਛਾਤੀ ਅੰਦਰਲਾ ਦਰਦ ਕੁਝ ਹੋਰ ਵਧ ਗਿਆ ਹੋਵੇ!

'ਬੜਾ ਚੰਗਾ ਬੰਦਾ ਸੀ ਦੇਵ! ਮੇਰੇ ਸਾਹਾਂ 'ਚ ਸਾਹ ਲੈਂਦਾ ਸੀ।' ਮੈਂ ਹੱਥ 'ਚ ਫੜ ਉਠਦਿਆਂ ਆਪਣੇ ਆਪ ਨੂੰ ਹੀ ਕਿਹਾ।

'ਸੀ ਨਹੀਂ ਹੁਣ ਵੀ ਹੈ,' ਝੱਟ ਹੀ ਮੈਂ ਆਪਣੀ ਗਲਤੀ ਨੂੰ ਠੀਕ ਕਰਦਾ ਹੌਲੀ ਹੌਲੀ ਪਿੰਡ ਵੱਲ ਨੂੰ ਵਧਣ ਲੱਗ ਗਿਆ:

ਸਕੂਲੋਂ ਨਿਕਲ ਕਾਲਜ 'ਚ ਅਸੀਂ ਇਕੱਠੇ ਹੀ ਹੀ ਦਾਖਲ ਹੋਏ ਸੀ। ਉਦੋਂ ਤੋਂ ਹੀ ਮੈਂ ਉਹਦੇ ਨਾਲ ਜੁੜਿਆ ਆ ਰਿਹਾ ਸੀ। ਆਪਣੇ ਅੱਖੜ ਸੁਭਾਅ ਅਤੇ ਗਲਤ ਨੂੰ ਗਲਤ ਤੇ ਠੀਕ ਨੂੰ ਆਖਣ ਕਾਰਨ ਉਹ ਕਾਲਜ ਦੇ ਸਾਰੇ ਮੁੰਡੇ ਕੁੜੀਆਂ ਦੇ ਮਨਾਂ ਤੇ ਛਾਇਆ ਪਿਆ ਸੀ। ਪ੍ਰਿੰਸੀਪਲ ਦੀਆਂ ਇਕ ਦੋ ਗਲਤ ਗੱਲਾਂ ਕਾਰਨ ਉਹ ਦਫਤਰ 'ਚ ਹੀ ਉਹਦੇ ਨਾਲ 'ਤੂੰ ਤੂੰ' 'ਮੈਂ ਮੈਂ' ਹੋ ਗਿਆ ਸੀ। ਪ੍ਰਵਾਹ ਉਹ ਕਿਸੇ ਦੀ ਲਾਟੀਕੀਨ ਦੀ ਨਹੀਂ ਸੀ ਕਰਦਾ।

ਇਸੇ ਕਰਕੇ ਹੀ ਉਸ ਨੂੰ ਵਿਦਿਆਰਥੀ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ। ਕਾਲਜ 'ਚ ਹੁੰਦੀ ਹਰ ਗਲਤ ਗੱਲ ਵਿਰੁਧ ਉਹ ਅੜ ਖਲੋਂਦਾ ਸੀ। ਹਰ ਜਲਸੇ ਜਲੂਸ ਜਾਂ ਹੜਤਾਲ 'ਚ ਉਹ ਸਭ ਨਾਲੋਂ ਅੱਗੇ ਹੁੰਦਾ। ਮੈਂ ਵੀ ਉਨ੍ਹਾਂ ਦਿਨਾਂ 'ਚ ਉਹਦੇ ਨਾਲ ਹੀ ਹੁੰਦਾ ਸਾਂ, ਜਿਸ ਕਾਰਨ ਮੇਰੀ ਵੀ ਕਾਫ਼ੀ ਪੁੱਛ-ਦੱਸ ਹੋਣ ਲੱਗ ਪਈ ਸੀ।

ਕਾਲਜ ਤਾਂ ਰਿਹਾ ਇਕ ਪਾਸੇ, ਉਹ ਤਾਂ ਪਿੰਡ 'ਚ ਵੀ ਕਿਸੇ ਨਾਲ ਧੱਕਾ ਹੁੰਦਾ ਸਹਿਣ ਨਹੀਂ ਸੀ ਕਰ ਸਕਦਾ। ਉਸ ਨੇ ਤਾਂ ਇਕ ਘਰ ਪਿੰਡ ਦੇ ਦੋ ਬੰਦਿਆਂ ਨੂੰ ਅਫੀਮ ਦੇ ਨਜਾਇਜ਼ ਕੇਸ 'ਚ ਫਸਾਉਣ ਆਏ ਥਾਣੇਦਾਰ ਨੂੰ ਸਾਰੇ ਪਿੰਡ ਦੇ ਸਾਹਮਣੇ ਉਹ ਝਾੜ ਪਾਈ ਸੀ ਕਿ ਉਹ ਵੇਖਦਾ ਹੀ ਰਹਿ ਗਿਆ ਸੀ, ਕਰ ਕੁਝ ਵੀ ਨਹੀਂ ਸੀ ਸਕਿਆ।

ਦਿਲ ਤਾਂ ਮੇਰਾ ਵੀ ਕਰਦਾ ਸੀ ਕਿ ਮੈਂ ਵੀ ਬੀ. ਏ. ਦੇ ਆਖਰੀ ਸਾਲ ਤੱਕ ਉਹਦੇ ਨਾਲ ਰਹਾਂ ਪਰ ਘਰ ਦੇ ਹਾਲਾਤ ਹੀ ਕੁਝ ਅਜਿਹੇ ਸਨ ਕਿ ਮੈਨੂੰ ਪੜ੍ਹਾਈ ਵਿਚੇ ਹੀ ਛੱਡਣੀ ਪੈ ਗਈ। ਸਰਕਾਰੀ ਨੌਕਰੀ ਤਾਂ ਐਨੀ ਜਲਦੀ ਮਿਲਣੀ ਬੜੀ ਔਖੀ ਸੀ, ਪਰ ਭੱਜ ਦੌੜ ਕਰਨ ਤੇ ਲੁਧਿਆਣੇ ਨਿਕਲ-ਪਾਲਸ਼ ਕਰਨ ਵਾਲੇ ਕਾਰਖਾਨੇ 'ਚ ਮੈਨੂੰ ਇਕ ਮਾੜੀ ਜਿਹੀ ਨੌਕਰੀ ਮਿਲ ਗਈ। ਮੈਂ ਏਸੇ ਤੇ ਹੀ ਸਬਰ ਕਰ ਲਿਆ ਸੀ।

ਸਾਰਾ ਸਾਰਾ ਦਿਨ ਰੇਤ ਅਤੇ ਲੋਹੇ ਦੀ ਧੂੜ ਉੱਡ ਉੱਡ ਸਾਡੇ ਚਿਹਰਿਆਂ ਤੇ ਅਤੇ ਸਾਹਾਂ ਦੁਆਰਾ ਸਾਡੀਆਂ ਛਾਤੀਆਂ ਅੰਦਰ ਜੰਮਦੀ ਰਹਿੰਦੀ। ਉਦੋਂ ਜੁਆਨੀ ਦਾ ਜੋਸ਼ ਸੀ। ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਵੱਲ ਘੱਟ ਹੀ ਧਿਆਨ ਜਾਂਦਾ ਸੀ, ਪਰ ਦੋ ਤਿੰਨ ਸਾਲ ਬੀਤਣ ਤੇ ਰਾਤ ਨੂੰ ਪਿਆਂ ਕਦੇ ਕਦੇ ਮੈਨੂੰ ਆਪਣੀ ਛਾਤੀ 'ਚ ਮੱਠਾ ਮੱਠਾ ਦਰਦ ਜਿਹਾ ਮਹਿਸੂਸ ਹੋਣ ਲੱਗਿਆ। ਬਾਅਦ 'ਚ ਤਾਂ ਕਦੇ ਕਦੇ ਖੰਘ ਦਾ ਹੁੱਥੂ ਵੀ ਛਿੜਨ ਲੱਗ ਪਿਆ। ਪਹਿਲਾਂ ਪਹਿਲਾਂ ਤਾਂ ਮੈਂ ਕੁਝ ਗੌਲਿਆ ਹੀ ਨਾ ਪਰ ਜਦੋਂ ਦਰਦ ਲਗਾਤਾਰ ਵਧਦਾ ਹੀ ਗਿਆ ਅਤੇ ਸਰੀਰ ਟੁੱਟਿਆ ਟੁੱਟਿਆ ਜਿਹਾ ਰਹਿਣ ਲੱਗ



ਗੁਰਜੀਤ ਬਾਵਾ ਢੀਂਡਸਾ

1983 ਤੋਂ 1987 ਤੱਕ ਟੌਪ ਸੇਲ ਮੈਨ ਐਵਾਰਡ ਜੇਤੂ

GM WESTMINSTER

FOR BEST DEAL & BEST SERVICE

12th. STREET AT QUEENS AVE., NEW WESTMINSTER, B.C.

BUS. 521-7731 PAGER 687-1985 #5531

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।



ਪਿਆ ਤਾਂ ਮਨ 'ਚ ਭਾਂਤ ਭਾਂਤ ਦੇ ਖਿਆਲ ਆਉਂਦੇ ਅਤੇ ਮੈਨੂੰ ਭੰਬਲ-ਭੂਸਿਆਂ 'ਚ ਪਾ ਕੇ ਤੁਰ ਜਾਂਦੇ। ਮੈਂ ਰਾਤਾਂ ਨੂੰ ਕਿੰਨਾ ਕਿੰਨਾ ਚਿਰ ਹੀ ਪਿਆ ਸੋਚਦਾ ਰਹਿੰਦਾ।

ਪਿਛਿਓਂ ਆਉਂਦੇ ਇਕ ਸਾਈਕਲ ਦਾ ਖੜਾਕ ਸੁਣ ਮੈਂ ਆਪਣੇ ਆਪ 'ਚ ਆ ਪਹੇ ਦੇ ਇਕ ਪਾਸੇ ਜਿਹੇ ਹੋ ਖੜ੍ਹ ਗਿਆ। ਸਾਇਕਲ ਵਾਲਾ ਬਿਨਾਂ ਮੇਰੇ ਵੱਲ ਦੇਖਿਆਂ ਅੱਗੇ ਨਿਕਲ ਗਿਆ। ਸਾਇਕਲ ਦੇ ਕਾਫੀ ਦੂਰ ਚਲੇ ਜਾਣ ਤੇ ਮੈਂ ਫੇਰ ਹੌਲੀ ਹੌਲੀ ਪਿੰਡ ਵੱਲ ਨੂੰ ਵਧਣ ਲੱਗਿਆ। ਹਰ ਪਲ ਪਿੰਡ ਮੇਰੇ ਨੇੜੇ-ਨੇੜੇ ਆ ਰਿਹਾ ਸੀ। ਪਿੰਡ 'ਚ ਸ਼ਾਇਦ ਕਿਸੇ ਘਰੇ ਵਿਆਹ-ਸ਼ਾਦੀ ਹੋਣਾ ਏ ਜਿਸ ਕਾਰਨ ਲਾਊਡ ਸਪੀਕਰ ਖੌਰੂ ਪੱਟੀ ਜਾ ਰਿਹਾ ਸੀ।

ਦੇਵ ਨੂੰ ਬੀ.ਏ. ਕਰਨ ਤੋਂ ਬਾਅਦ ਦਿੱਲੀ ਕਿਸੇ ਬੈਂਕ 'ਚ ਅਫਸਰੀ ਮਿਲ ਗਈ ਸੀ। ਬਹੁਤ ਸੋਹਣੀ ਕੁੜੀ ਨਾਲ ਵਿਆਹ ਹੋ ਗਿਆ ਅਤੇ ਹੁਣ ਬਹੁਤ ਚੰਗੀ ਤਰ੍ਹਾਂ ਰਹਿ ਰਿਹਾ ਸੀ। ਦਿੱਲੀ ਜਾਣ ਕਾਰਨ ਹੁਣ ਉਸ ਨੂੰ ਮਿਲਣਾ ਕੁਝ ਔਖਾ ਹੋ ਗਿਆ; ਭਾਵੇਂ ਉਸਨੂੰ ਮਿਲਿਆਂ ਦੋ ਤਿੰਨ ਸਾਲ ਹੋ ਗਏ ਸਨ ਪਰ ਮਨ ਕਹਿ ਰਿਹਾ ਸੀ ਕਿ ਉਹ ਅਜੇ ਵੀ ਪਹਿਲਾਂ ਵਾਂਗ ਹੀ ਹੋਵੇਗਾ। ਭਲਾ ਆਪਣੇ ਲੰਗੋਟੀਏ ਯਾਰ ਨੂੰ ਉਹ ਕਿਵੇਂ ਭੁੱਲ ਸਕਦਾ ਹੈ। ਮੇਰੇ ਲਈ ਤਾਂ ਉਹਦੇ ਦਿਲ 'ਚ ਪਹਿਲਾਂ ਵਾਂਗ ਹੀ ਜਗ੍ਹਾ ਹੋਣੀ ਹੈ। ਮੈਂ ਤੁਰਿਆ ਜਾ ਰਿਹਾ ਸੋਚ ਵੀ ਰਿਹਾ ਸੀ।

ਪਿੰਡ ਹੁਣ ਕਾਫੀ ਨੇੜੇ ਆ ਗਿਆ ਸੀ। ਘਰਾਂ ਦੇ ਮੁਹਾਂਦਰੇ ਸਾਫ ਦਿਖਾਈ ਦੇਣ ਲੱਗ ਪਏ ਸਨ। ਪਿੰਡ ਦੇ ਨੇੜੇ ਆਉਣ ਤੇ ਹੀ ਮੇਰੀਆਂ ਅੱਖਾਂ ਅੱਗੋਂ ਦੀ ਕਿੰਨਾ ਕੁਝ ਹੀ ਲੰਘ ਗਿਆ।

ਚਾਰ ਪੰਜ ਮਹੀਨੇ ਪਹਿਲੀ ਮੇਰੀ ਮਾਂ ਸਦਾ ਸਦਾ ਲਈ ਅੱਖਾਂ ਮੀਟ ਗਈ। ਮੈਂ ਦੇਵ ਨੂੰ ਇਸ ਬਾਰੇ ਲਿਖਿਆ ਅਤੇ ਨਾਲ ਹੀ ਤਾਕੀਦ ਕੀਤੀ ਸੀ ਕਿ ਉਹ ਭੋਗ ਤੇ ਜ਼ਰੂਰ ਆਵੇ। ਉਹ ਤਾਂ ਨਹੀਂ ਆਇਆ, ਪਰ ਉਸਦੀ ਚਿੱਠੀ ਆਈ ਸੀ ਕਿ ਕੁਝ ਦਫਤਰੀ ਕੰਮਾਂ 'ਚ ਉਹ ਅਜਿਹਾ ਉਲਝਿਆ ਹੋਇਆ ਹੈ, ਕਿ ਭੋਗ ਤੇ ਨਹੀਂ ਆ ਸਕੇਗਾ।

'ਦਫਤਰੀ ਕੰਮ ਹੁੰਦੇ ਹੀ ਅਜਿਹੇ ਹਨ ਕਿ ਬੰਦੇ ਨੂੰ ਕਿਸੇ ਪਾਸੇ ਜੋਗਾ ਵੀ ਨਹੀਂ ਛੱਡਦੇ, 'ਉਸਦੀ ਚਿੱਠੀ ਆਉਣ ਤੇ ਮੈਂ ਸੋਚਿਆ ਸੀ। ਫੇਰ ਹੁਣ ਉਹ ਅਫਸਰ ਵੀ ਆ, ਉਹਨੂੰ ਤਾਂ ਕੰਮ ਵੀ ਬੜੇ ਹੋਣੇ ਨੇ।'

ਪਰ ਮਾਂ ਦੇ ਭੋਗ ਤੋਂ ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਉਹ ਆਪਣੇ ਪਿੰਡੋਂ ਆ ਕੇ ਮੁੜ ਗਿਆ ਸੀ।

'ਦੇਖਿਆ, ਹੁਣ ਕਿਥੋਂ ਟੈਮ ਨਿਕਲ ਆਇਆ ਪਿੰਡ ਆਉਣ ਲਈ' ਜਦੋਂ ਬਾਪੂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਨੇ ਮੈਨੂੰ ਚੋਭ ਲਾਉਂਦਿਆਂ ਕਿਹਾ ਸੀ।

'ਕੋਈ ਬਾਹਲਾ ਹੀ ਜ਼ਰੂਰੀ ਕੰਮ ਆ ਪਿਆ ਹੋਣਾ ਏ, 'ਮੈਂ ਦੇਵ ਵਲੋਂ ਸੱਚਾ ਹੁੰਦਿਆਂ ਕਿਹਾ ਸੀ।

ਉਸਦੇ ਇਸ ਤਰ੍ਹਾਂ ਕੋਲੋਂ ਆ ਕੇ ਚਲੇ ਜਾਣ ਦਾ ਮੇਰੇ ਮਨ ਤੇ ਭੋਰਾ ਵੀ ਅਸਰ ਨਹੀਂ ਸੀ ਹੋਇਆ ਪਰ ਮੇਰਾ ਬਾਪੂ ਜਦੋਂ ਇਸ ਬਾਰੇ ਮੈਨੂੰ ਵਾਰ ਵਾਰ ਯਾਦ ਕਰਾਉਂਦਾ ਤਾਂ ਮੇਰਾ ਮਨ ਹੋਰੂੰ ਹੋਰੂੰ ਜਿਹੇ ਹੋਣ ਲੱਗ ਪੈਂਦਾ।

ਮੈਨੂੰ ਹੁਣ ਤੱਕ ਵੀ ਯਾਦ ਸੀ ਜਦੋਂ ਇਕ ਵਾਰ ਸਾਡੀ ਫੈਕਟਰੀ ਮਾਲਕਾਂ ਨਾਲ ਤਨਖਾਹ ਵਧਾਉਣ ਦੇ ਸੁਆਲ ਤੇ ਖੜਕ ਪਈ। ਤਨਖਾਹਾਂ ਦੇ ਸੁਆਲ ਤੇ ਗੱਲ ਕਾਫੀ ਵਧ ਗਈ ਸੀ। ਪਹਿਲਾਂ ਤਾਂ ਅਸੀਂ ਇਕ ਇਕ, ਦੋ-ਦੋ ਦੀ ਹੜਤਾਲ ਕੀਤੀ ਪਰ ਗੱਲ ਬਣਦੀ ਨਾ ਵੇਖ ਕੇ ਫੇਰ ਅਣ-ਮਿਥੇ ਸਮੇਂ ਲਈ ਹੜਤਾਲ ਕਰ ਦਿੱਤੀ। ਆਸ ਪਾਸ ਦੇ ਕਾਰਖਾਨਿਆਂ ਦੀਆਂ ਮਜ਼ਦੂਰ ਜਥੇਬੰਦੀਆਂ ਵੀ ਸਾਡੇ ਨਾਲ ਸਨ। ਦੇਵ ਦੇ ਕਾਲਜ ਦੀ ਯੂਨੀਅਨ ਨੇ ਵੀ ਇਕ ਦਿਨ ਸਾਡੀ ਫੈਕਟਰੀ ਅੱਗੇ ਭਾਰੀ ਰੈਲੀ ਕੀਤੀ ਸੀ। ਸਾਡਾ ਪਲੜਾ ਭਾਰੀ ਹੁੰਦਾ ਦੇਖ ਅੰਤ ਮਾਲਕਾਂ ਨੂੰ ਕੁਝ ਝੁਕਣਾ ਹੀ ਪਿਆ ਸੀ।

ਪਿੰਡ ਦੇ ਘਰਾਂ ਲਾਗੇ ਆ ਮੈਂ ਧਿਆਨ ਨਾਲ ਦੇਖਿਆ। ਲਾਊਡ ਸਪੀਕਰ ਲੱਗਿਆ ਦੇਵ ਕੇ ਘਰੇ ਹੀ ਵੱਜ ਰਿਹਾ ਹੋਵੇ ਜਾਂ ਫੇਰ ਉਹਨਾਂ ਦੇ ਨਾਲ ਦੇ ਘਰ। ਜਦੋਂ ਮੈਂ ਗਲੀ ਦਾ ਮੋੜ ਮੁੜ ਦੇਵ ਕੇ ਦਰਾਂ ਅੱਗੇ ਪਹੁੰਚਿਆ ਮੇਰਾ ਸੋਚਿਆ ਸੱਚ ਹੀ ਨਿਕਲਿਆ। ਲਾਊਡ ਸਪੀਕਰ ਦੇਵ ਕੇ ਨਾਲ ਦੇ ਘਰੇ ਹੀ ਵੱਜ ਰਿਹਾ ਸੀ। ਸਾਰਾ ਵੇਹੜਾ ਤੀਵੀਆਂ ਆਦਮੀਆਂ ਨਾਲ ਭਰਿਆ ਪਿਆ ਸੀ। ਕੰਨ ਪਾਈ ਕਿਹੜਾ ਸੁਣਾਈ ਦਿੰਦੀ ਸੀ। ਪੁੱਛਣ ਤੇ ਪਤਾ ਲੱਗਿਆ ਕਿ ਦੇਵ ਦੇ ਚਾਚੇ ਦੇ ਮੁੰਡੇ ਦਾ ਵਿਆਹ ਸੀ।

ਮੈਂ ਜੱਕਾਂ ਤੱਕਾਂ ਜਿਹੀਆਂ ਕਰਦਾ ਵੇਹੜੇ ਅੰਦਰ ਲੰਘ ਗਿਆ। ਜਦੋਂ ਮੈਂ ਗਲੀ ਉਤਲੀ-ਬੈਠਕ ਵੱਲ ਝਾਤੀ ਮਾਰੀ ਤਾਂ ਮੈਨੂੰ ਅੰਦਰ ਬੈਠੇ ਬੰਦਿਆਂ 'ਚ ਦੇਵ ਦਾ ਝਾਉਲਾ ਜਿਹਾ ਪਿਆ। ਕੁਝ ਸੋਚ ਮੈਂ ਬੈਠਕ ਵਲ ਨੂੰ ਹੋ ਪਿਆ। ਬੂਹੇ ਲਾਗੇ ਜਾ ਮੈਂ ਅੰਦਰ ਬੈਠੀ ਢਾਣੀ ਤੇ ਨਜ਼ਰ ਮਾਰੀ। ਉਹ ਸੱਚ ਮੁੱਚ ਦੇਵ ਹੀ ਸੀ। ਉਹਨੂੰ ਦੇਖ ਮੇਰਾ ਮਨ ਇਕ ਦਮ ਹੀ ਖਿੜ ਉਠਿਆ। ਮਨ ਕੀਤਾ ਕਿ ਉਸਨੂੰ ਭੱਜ ਕੇ ਜੱਫਲਕੜੀ ਪਾ ਲਵਾਂ।

'ਸੁਣਾ ਬਈ ਮੀਤਿਆ, ਕੀ ਹਾਲ ਆ?' ਦੇਵ ਨੇ ਉਥੇ ਬੈਠਿਆਂ ਹੀ ਓਪਰੇ ਜਿਹੇ ਮਨ ਨਾਲ ਕਿਹਾ।

'ਠੀਕ ਆ,' ਮੈਂ ਮੱਲੋ ਮੱਲੀ ਹੱਸਣ ਦੀ ਕੋਸ਼ਿਸ਼ ਕਰਦਿਆਂ ਜੁਆਬ ਦਿਤਾ।

ਮੈਂ ਇਕ ਪਾਸੇ ਜਿਹੇ ਹੋ ਕੇ ਮੰਜੇ ਤੇ ਬੈਠ ਗਿਆ। ਉਹ ਸਾਰੇ ਮੇਰੇ ਆਉਣ ਤੇ ਇਕ ਦਮ ਹੀ ਆਪਣੀਆਂ ਗੱਲਾਂ ਬੰਦ ਕਰ ਮੇਰੇ ਮੂੰਹ ਵੱਲ ਦੇਖਣ ਲੱਗ ਪਏ।

ਫੇਰ ਦੇਵ ਵੱਲ ਦੇਖ ਉਹ ਗਿਲਾਸਾਂ 'ਚ ਦਾਰੂ ਪਾਉਣ ਲੱਗ ਪਏ। ਦੇਵ ਦੇ ਇਸ਼ਾਰਾ ਕਰਨ ਤੇ ਇਕ ਗਿਲਾਸ ਉਨ੍ਹਾਂ ਮੇਰੇ ਅੱਗੇ ਵੀ ਕਰ ਦਿਤਾ ਸੀ।

'ਮੈਂ ਤਾਂ ਬੀਮਾਰ ਆਂ, ਦੁਆਈ ਖਾਨਾਂ। ਮੈਨੂੰ ਰਹਿਣ ਦਿਓ, 'ਮੈਂ ਉਹਨਾਂ ਨਾਲ ਅੱਖ ਮਿਲਾਉਂਦਿਆਂ ਕਿਹਾ।

'ਕਿਧਰੇ ਨੀ ਕੁਝ ਹੁੰਦਾ ਇਕ ਅੱਧ ਪੈੱਗ ਨਾਲ,' ਉਨ੍ਹਾਂ 'ਚੋਂ ਇਕ ਬੋਲਿਆ ਸੀ।

ਮੈਂ ਥੋੜੀ ਨਾਂਹ-ਨੁੱਕਰ ਕੀਤੀ, ਪਰ ਉਹ ਕਿਥੇ ਮੰਨਣ ਵਾਲੇ ਸਨ।

'ਚੰਗਾ ਆਹ ਲਾ ਲੈਨਾ ਫੇਰ ਨਾ ਮੈਨੂੰ ਆਖਿਓ' ਇਹ ਆਖ ਮੈਂ ਗਿਲਾਸ ਮੂੰਹ ਨੂੰ ਲਾ ਲਿਆ।

ਭਾਵੇਂ ਉਹ ਬੈਠੇ ਪੀਈ ਜਾ ਰਹੇ ਸਨ ਪਰ ਮੇਰੇ ਆਉਣ ਤੋਂ ਪਹਿਲਾਂ ਵਰਗਾ ਨਜ਼ਾਰਾ ਨਹੀਂ ਸੀ। ਹੁਣ ਨਾ ਤਾਂ ਉਨ੍ਹਾਂ ਦਾ ਕੋਈ ਠਹਾਕਾ ਸੁਣਾਈ ਦਿੰਦਾ ਸੀ ਅਤੇ ਨਾ ਹੀ ਕੋਈ ਉੱਚੀ ਕੱਢੀ ਹੋਈ ਗਾਲ੍ਹ। ਅੰਦਰੋਂ ਕਿਤੇ ਮੇਰਾ ਮ ਆਖ ਰਿਹਾ ਸੀ ਕਿ ਮੈਂ ਏਥੇ ਗੈਰ ਹਾਜ਼ ਹੀ ਰਹਿੰਦਾ ਤਾਂ ਚੰਗਾ ਸੀ ਪਰ ਮੈ ਅੰਦਰਲਾ ਨਹੀਂ ਸੀ ਮੰਨ ਰਿਹਾ। ਸਕਦਾ ਇਹ ਮੇਰਾ ਭਰਮ ਹੀ ਹੋਵੇ।

ਦੇਵ ਨੇ ਸਰਸਰੀ ਜਿਹੇ ਮਾਂ ਸੁਰਗਵਾਸ ਹੋ ਜਾਣ ਬਾਰੇ ਪੁਛਿਆ ਅ ਨਾਲ ਹੀ ਘਰ ਦੀ ਹਾਲਤ ਬਾਰੇ ਵੀ ਜਦੋਂ ਉਹ ਮੇਰੇ ਨਾਲ ਗੱਲਾਂ ਕਰ ਰਿ ਸੀ ਤਾਂ ਪਤਾ ਨਹੀਂ ਕਿਉਂ ਮੈਨੂੰ ਇ ਹੀ ਲੱਗਦਾ ਰਿਹਾ, ਜਿਵੇਂ ਉਹ ਦੇ ਨਹੀਂ ਸਗੋਂ ਕੋਈ ਹੋਰ ਹੀ ਬੋਲ ਰਿ ਹੋਵੇ।

ਦਰੀਂ ਵੜਨ ਲੱਗਿਆਂ ਮੈਂ ਸੋਚਿਆ ਸੀ ਕਿ ਮੇਰਾ ਉਤਰਿਆ ਹੋਇਆ ਚਿਹਰਾ ਅੰਦਰ ਨੂੰ ਵੜ ਗਈਆਂ ਅੱਖਾਂ ਅ ਬਾਹਰ ਨੂੰ ਨਿਕਲੀਆਂ ਹੋਈਆਂ ਹੱਡ ਦੇਖ ਕੇ ਉਹ ਮਿਲਦਿਆਂ ਹੀ ਇਸ ਕਾਰਨ ਬਾਰੇ ਮੈਨੂੰ ਪੁਛੇਗਾ।

ਪਰ ਇਹ ਸਭ ਕੁਝ ਤਾਂ ਹਾਰ ਮੈਨੂੰ ਆਪ ਹੀ ਦਸਣਾ ਪਿਆ ਸੀ।

'ਪਿਛਲੇ ਕਈ ਮਹੀਨਿਆਂ ਤੋਂ ਮੈਨੂੰ ਲੱਗ ਰਿਹਾ ਸੀ, ਜਿਵੇਂ ਕੋਈ ਚੀ ਮੈਨੂੰ ਅੰਦਰੋ ਅੰਦਰ ਕੁਤਰ ਕੇ ਖਾ ਰ ਹੋਵੇ,' ਇਹ ਗੱਲ ਮੈਂ ਦੇਵ ਨੂੰ ਨਾ ਲੈ ਬਾਹਰ ਫਿਰਨੀ ਵਲ ਨੂੰ ਜਾਂਦਿਆਂ ਦਸੀ ਸੀ।

'ਹੁਣ ਲੁਧਿਆਣੇ ਤੋਂ ਇਲਾ ਕਰਾ ਰਿਹਾ ਹਾਂ। ਕੈਂਹਦੇ ਟੀ. ਬੀ. ਦ ਸ਼ਕੈਤ ਆ,' ਇਹ ਆਖ ਮੈਂ ਉਸਦੇ ਮੂੰ ਵੱਲ ਦੇਖਣ ਲੱਗ ਪਿਆ ਸੀ।

ਟੀ. ਬੀ.!' ਕੁਝ ਪਲਾਂ ਬਾਅ ਉਸ ਦੇ ਮੂੰਹੋਂ ਨਿਕਲਿਆ, ਜਿਵੇਂ ਪਹਿ ਉਸ ਨੂੰ ਮੇਰੀ ਆਖੀ ਗੱਲ ਦੀ ਸਮਝ ਆਈ ਹੋਵੇ।

'ਹਾਂ, ਕਦੇ ਕਦੇ ਮੈਨੂੰ ਲੱਗ ਲਗਦਾ ਕਿ ਮੈਂ ਬਹੁਤ ਛੇਤੀ ਮਰ ਜਾਵਾਂ ਪਰ ਮੈਂ ਅਜੇ ਮਰਨਾ ਨਹੀਂ ਚਾਹੁੰਦਾ ਟਿੱਬੇ ਟਿੱਬੇ ਜੁਆਕਾਂ ਦਾ ਕੀ ਬਣੂੰ ਮੈ ਬਾਅਦ?'' ਮਨ ਦੇ ਛੱਲਿਆ ਬਾ ਹੌਲੀ ਹੌਲੀ ਹਲਕਾ ਹੁੰਦਾ ਜਾ ਰਿਹਾ ਸੀ।

ਕੁਝ ਪਲ ਐਧਰਲੀਆਂ ਉਧਰ ਲੀਆਂ ਮਾਰਨ ਤੋਂ ਬਾਅਦ ਅਸੀਂ ਵ ਵਾਪਸ ਮੁੜ ਆਏ।

'ਮੈਂ ਤਾਂ ਹੁਣ ਪੈਣਾ। ਕਿਤੇ ਨਾ ਲਗੇ ਕਰੇ ਡਾਹਦੇ ਮੇਰਾ ਮੰਜਾ,' ਮੈਂ ਅੰਦ ਵੜਦਿਆਂ ਉਸ ਨੂੰ ਕਿਹਾ ਸੀ।



# TRU FOODS DISTRIBUTORS LTD.

**Specializing in Health Foods**

❑ Vitamins ■ Herbs and all East Indian Foods

PROPRITER **Mander Brothers**

Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1



# Sunshine Paving Ltd.

**FREE Estimates**

SUNSHINE PAVING LTD.

NICK DEHAL

## Nick Dehal

**Call Any Time**

ਵਧੇਰੇ ਜਾਣਕਾਰੀ ਲਈ ਫੋਨ ਕਰੋ :

Langley 534-7762
Abbotsford 850-1363
Maple Ridge 463-9773



For all your real-estate needs



**Experienced Realtor In Surrey Specialising in Custom-built New Houses**

## GARY SANGHERA

Office: 588-9955

Lakeview Realty Ltd.
10732 King George Hwy. Surrey.



# ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ: ਯੂ:)

## ਨੋਟਰੀ ਪਬਲਿਕ

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੇਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ[ B.A., L.L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

## ਇਮੀਗਰੇਸ਼ਨ ਸਲਾਹਕਾਰ

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੇਸ

Suite 201-2001 E. 36 Ave.)
(At Victoria De.)
Vancouver, B.C. V5P 1C9.
ਸਮਾਂ-9 a.m. -5 p.m.

ਉਸ ਨੇ ਆਪਣੇ ਛੋਟੇ ਭਰਾ ਨੂੰ ਆਖ ਮੇਰਾ ਮੰਜਾ ਕੋਠੇ 'ਤੇ ਚੜ੍ਹਵਾ ਦਿੱਤਾ ਅਤੇ ਆਪ ਫੇਰ ਪਹਿਲੀ ਢਾਣੀ 'ਚ ਜਾ ਰਲਿਆ।

ਛੱਤ ਤੇ ਪਿਆ ਮੈਂ ਕਾਫੀ ਰਾਤ ਗਈ ਤਕ ਉਨ੍ਹਾਂ ਦੇ ਹੱਸਣ ਦੀਆਂ ਅਵਾਜ਼ਾਂ ਸੁਣਦਾ ਰਿਹਾ। ਇਨ੍ਹਾਂ ਆਵਾਜ਼ਾਂ ਦੇ ਰੌਲੇ 'ਚ ਘਿਰਿਆ ਮੈਂ ਆਪਣੇ ਆਪ ਨੂੰ ਇਕੱਲਾ ਇਕੱਲਾ ਮਹਿਸੂਸ ਕਰ ਰਿਹਾ ਸੀ। ਕਦੇ ਕਦੇ ਮੈਨੂੰ ਲਗਦਾ, ਜਿਵੇਂ ਦੇਵ ਵੀ ਮੇਰੇ ਕੋਲੋਂ ਦੂਰ ਦੂਰ ਹੁੰਦਾ ਜਾ ਰਿਹਾ ਹੋਵੇ ਪਰ ਜਦੋਂ ਬੀਤੇ ਦਿਨਾਂ ਦੀ ਯਾਦ ਮੇਰੀਆਂ ਅੱਖਾਂ ਅਗੇ ਘੁੰਮਦੀ ਤਾਂ ਮੈਨੂੰ ਆਪਣਾ ਸੋਚਿਆ ਹੀ ਝੂਠਾ ਝੂਠਾ ਲੱਗਣ ਲੱਗ ਪੈਂਦਾ।

'ਆਦਮੀ ਦੀਆਂ ਸੌ ਮਜਬੂਰੀਆਂ ਹੁੰਦੀਆਂ ਨੇ। ਉਸਨੇ ਆਪਣੇ ਰਿਸ਼ਤੇ-ਦਾਰਾਂ, ਸਕੇ-ਸਬੰਧੀਆਂ ਅਤੇ ਦੋਸਤਾਂ ਮਿੱਤਰਾਂ ਦਾ ਖਿਆਲ ਵੀ ਰੱਖਣਾ ਹੋਇਆ। ਜਿਉਂ ਜਿਉਂ ਬੰਦੇ ਦੀ ਉਮਰ ਵਧਦੀ ਜਾਂਦੀ ਆ ਤਿਉਂ ਤਿਉਂ ਹੀ ਜ਼ਿੰਮੇ-ਵਾਰੀਆਂ ਦਾ ਬੋਝ ਉਹਦੇ ਸਿਰ ਤੇ ਲਦੀਂਦਾ ਚਲਿਆ ਜਾਂਦਾ ਹੈ,' ਇਕ ਤੋਂ ਬਾਅਦ ਇਕ ਖਿਆਲ ਮੇਰੇ ਦਿਮਾਗ 'ਚ ਆ ਜਾ ਰਹੇ ਸਨ।

ਦੂਸਰੇ ਦਿਨ ਸੰਦੇਹਾਂ ਹੀ ਉਹ ਗੜਵੀ 'ਚ ਚਾਹ ਲੈ ਕੇ ਛੱਤ ਉਪਰ ਮੇਰੇ ਕੋਲ ਆ ਗਿਆ। ਚਾਹ ਅਸੀਂ ਉਥੇ ਇਕੱਠਿਆਂ ਨੇ ਹੀ ਪੀਤੀ। ਜੋ ਕੁਝ ਮੈਂ ਸਾਰੀ ਰਾਤ ਸੋਚਦਾ ਰਿਹਾ ਸੀ, ਉਹਦੇ ਆਉਣ ਨਾਲ ਜਿਵੇਂ ਸਾਰੇ ਗਿਲੇ-ਸ਼ਿਕਵੇ ਇਕ ਦਮ ਹੀ ਧੋਤੇ ਗਏ ਹੋਣ।

'ਮੈਨੂੰ ਤਾਂ ਅੱਜ ਨਾਲ ਜਾਣਾ ਪੈਣਾ ਜੰਞ ਦੇ। ਮੈਂ ਬਥੇਰਾ ਕਿਹਾ ਪਰ ਚਾਚੇ ਹੋਰੀਂ ਮੰਨਦੇ ਹੀ ਨੀਂ', ਚਾਹ ਦਾ ਇਕ ਲੰਮਾ ਘੁੱਟ ਭਰਦਿਆਂ ਉਸਨੇ ਕਿਹਾ ਸੀ।

'ਫੇਰ ਕੀ ਆ, ਜਿਥੇ ਜਾਣਾ ਬਣਦਾ ਉਥੇ ਤਾਂ ਜਾਣਾ ਹੀ ਏ', ਮੈਂ ਉਸਦੀਆਂ ਅੱਖਾਂ 'ਚ ਝਾਕਦਿਆਂ ਕਿਹਾ।

'ਤੂੰ ਫੇਰ...?' ਉਸ ਦਾ ਓਪਰਾ ਜਿਹਾ ਬੋਲ ਮੈਨੂੰ ਇਕ ਦਮ ਹੀ ਨਿਢਾਲ ਜਿਹਾ ਕਰ ਗਿਆ।

'ਮੈਂ ਤਾਂ ਅੱਜ ਹਸਪਤਾਲ 'ਚ ਇਕ ਦੋ ਟੈਸਟ ਜਿਹੇ ਕਰੌਣੇ ਨੇ'. ਪਤਾ ਨਹੀਂ ਕਿਉਂ ਨਾ ਚਾਹੁੰਦੇ ਹੋਏ ਵੀ ਮੇਰੇ ਮੂੰਹੋਂ ਇਹ ਬੋਲ ਨਿਕਲ ਹੀ ਗਏ।

ਕੁਝ ਪਲ ਉਹ ਨੀਵੀਂ ਪਾਈ ਬੈਠਾ ਰਿਹਾ ਜਿਵੇਂ ਪੁੱਛਣ ਦੱਸਣ ਲਈ ਹੁਣ ਕੁਝ ਰਹਿ ਹੀ ਨਹੀਂ ਸੀ ਗਿਆ।

'ਆਥਣੇ ?' ਉਸਨੇ ਕਾਹਲੇ ਕੁਝ ਹੇਠਾਂ ਨੂੰ ਜਾਣ ਲਗਿਆਂ ਕਿਹਾ।

'ਜੇ ਤਾਂ ਕੰਮ ਨਿੱਬੜ ਗਿਆ ਫੇਰ ਤਾਂ ਨੀ ਆਉਂਦਾ ਪਰ ਜੇ ਕੋਈ ਅੜਿੱਕਾ ਹੀ ਆ ਪਿਆ ਤਾਂ ਕੌਹ ਨੀ ਸਕਦਾ।'

ਮੇਰੀ ਗੱਲ ਸੁਣ ਉਹ ਕਾਹਲੀ-ਕਾਹਲੀ ਹੇਠਾਂ ਉਤਰ ਗਿਆ।

ਕਿੰਨੇ ਹੀ ਟੈਸਟ ਜਿਹੇ ਕਰਵਾਉਂਦਾ ਮੈਂ ਸਾਰਾ ਦਿਨ ਹਸਪਤਾਲ ਦੇ ਇਕ ਕਮਰੇ ਤੋਂ ਦੂਸਰੇ ਕਮਰੇ ਤਕ ਚੱਕਰ ਲਾਉਂਦਾ ਰਿਹਾ। ਦੋ ਵਾਰ ਤਾਂ ਛਾਤੀ ਦਾ ਐਕਸ-ਰੇ ਹੀ ਲੈਣਾ ਪਿਆ। ਐਕਸਰੇ ਦੀ ਫਿਲਮ ਦੇ ਪੈਸੇ ਮੈਨੂੰ ਪੱਲਿਓਂ ਦੇਣੇ ਪਏ। ਜੋ ਪੰਜਾਹ ਸੱਠ ਜੇਬ 'ਚ ਸਨ, ਉਹ ਉਥੇ ਹੀ ਪੂਜੇ ਗਏ।

'ਚਲੋ ਦੇਵ ਤੋਂ ਤੜਕੇ ਸਵੇਰੇ ਪਿੰਡ ਅੱਪੜ ਜਾਵਾਂਗੇ,' ਪਤਾ ਨਹੀਂ ਕਿਉਂ ਆਥਣੇ ਥਕਿਆ ਟੁਟਿਆ ਦੇਵ ਦੇ ਪਿੰਡ ਤੁਰਿਆ ਜਾਂਦਾ ਮੈਂ ਸੋਚ ਰਿਹਾ ਸੀ।

ਜਦੋਂ ਘਰ ਪਹੁੰਚਿਆ ਤਾਂ ਰਾਤ ਉਤਰ ਆਈ ਸੀ ਅਤੇ ਘਰਾਂ ਚੋਂ ਰੋਸ਼ਨੀਆਂ ਬਾਹਰ ਝਾਕਣ ਲਗ ਪਈਆਂ ਸਨ। ਜੰਞ ਵਾਲੇ ਵਾਪਸ ਮੁੜ ਆਏ ਸਨ ਅਤੇ ਦੇਵ ਹੋਰੀਂ ਕਲ੍ਹ ਵਾਲੀ ਬੈਠਕ 'ਚ ਬੈਠੇ ਅਜ ਵੀ ਉਵੇਂ ਹੀ ਪੀ ਰਹੇ ਸਨ।

ਲੈ ਬਈ ਹੁਣ ਮੇਰੀ ਬੋਤਲ ਆਊ', ਦੇਵ ਲੋਰ 'ਚ ਹੀ ਆਇਆ ਹਵਾ ਵਿਚ ਨੂੰ ਉਂਗਲ ਘੁਮਾਉਂਦ ਆਖ ਰਿਹਾ ਸੀ।

ਮੈਂ ਅੰਦਰ ਵੜਦਾ ਵੜਦਾ ਉਸਦੀ ਉਪਰ ਨੂੰ ਉਠੀ ਹੋਈ ਉਂਗਲ ਵਲ ਦੇਖ ਦਰਾਂ ਤੋਂ ਬਾਹਰ ਹੀ ਖੜ ਗਿਆ।

'ਕਾਹਨੂੰ ਰੰਗ 'ਚ ਭੰਗ ਪਾਉਣੀ ਆਂ। ਕਰਨ ਦੇ ਐਸ਼ ਉਹਨਾਂ ਨੂੰ' ਇਹ ਸੋਚ ਮੈਂ ਦੋ ਕ ਪਲ ਓਹਨਾਂ ਦੀਆਂ ਗੱਲ ਸੁਣਦਾ ਰਿਹਾ।

'ਇਕ ਬਾਲ ਨੀ ਸਰਨਾ ਨੌਕਰਾ। ਐਡਾ ਵੱਡਾ ਅਫਸਰ ਲਗਿਆ ਏਂ', ਦੋ ਲਵਾਂਗੇ ਅਸੀਂ ਤਾਂ ਦੋ', ਇਕ ਕਿਰਚ-ਬਰਛੀ ਜਿਹੀ ਦਾੜ੍ਹੀ ਵਾਲਾ ਉਠ ਕੇ ਖੜਾ ਹੁੰਦਾ ਦੇਵ ਨੂੰ ਆਖ ਰਿਹਾ ਸੀ।

'ਉਹਦੇ ਨੂੰ ਪ੍ਰਵਾਹ ਕੀ ਕਰਨੀ। ਦਾਰੂ ਦੇ ਪਰਨੇ ਕੇਨਾਂ ਦਾ ਚਲਾ ਦਿਆ', ਦੇਵ ਨੇ ਉਸ ਦਾ ਹੱਥ ਫੜ ਬੈਠ ਜਾਣ ਲਈ ਇਸ਼ਾਰਾ ਕਰਦਿਆਂ ਕਿਹਾ।

ਕੁਝ ਪਲ ਉਥੇ ਖੜੇ ਰਹਿਣ ਤੋਂ ਬਾਅਦ ਮੈਂ ਹੌਲੀ ਹੌਲੀ ਕਦਮ ਪੁਟਦਾ ਕੰਧ ਨਾਲ ਲੱਗੀ ਪੌੜੀ ਚੜ੍ਹ ਛੱਤ ਉਪਰ ਚਲਿਆ ਗਿਆ।

ਕੁਝ ਪਲ ਉਥੇ ਖੜੇ ਰਹਿਣ ਤੋਂ ਬਾਅਦ ਮੈਂ ਹੌਲੀ ਕਦਮ ਪੁਟਦਾ ਕੰਧ ਨਾਲ ਲੱਗੀ ਪੌੜੀ ਚੜ੍ਹ ਛੱਤ ਉਪਰ ਚਲਿਆ ਗਿਆ।

ਮੇਲਣਾਂ ਦੇ ਗੀਤਾਂ ਦੀਆਂ ਲੰਮੀਆਂ ਲੰਮੀਆਂ ਹੇਕਾਂ ਖੌਰੂ ਪਾਉਂਦੇ ਲਾਊਡ ਸਪੀਕਰ ਦੀਆਂ ਅਵਾਜ਼ਾਂ 'ਚ ਹੀ ਗੁਆਚ-ਦੀਆਂ ਜਾ ਰਹੀਆਂ ਸਨ। ਮੈਂ ਉਪਰ ਮੰਜੇ ਤੇ ਪਿਆ ਇਸ ਸਭ ਕਾਸੇ ਨੂੰ ਕੁਝ ਸਮਾਂ ਤਾਂ ਸੁਣਦਾ ਰਿਹਾ ਪਰ ਬਹੁਤਾ ਚਿਰ ਮੇਰੇ ਕੋਲੋਂ ਇਹ ਸੁਣਿਆ ਨਾ ਗਿਆ ਅਤੇ ਉਠ ਕੇ ਬੈਠ ਗਿਆ। ਚਿਤ ਕੀਤਾ ਕਿ ਥੋੜਾ ਚਿਰ ਬਾਹਰ ਸੜਕ ਵਲ ਨੂੰ ਘੁੰਮਿਆ ਜਾਵੇ। ਪਤਾ ਨਹੀਂ ਕਿਉਂ ਅੱਜ ਪਹਿਲੀ ਵਾਰ ਉਸ ਘਰੇ ਮੈਂ ਆਪਣੇ ਆਪ ਨੂੰ ਬਹੁਤ ਹੀ ਇਕਲਾ-ਇਕਲਾ ਮਹਿਸੂਸ ਕਰਨ ਲਗ ਪਿਆ ਸੀ।

ਮੰਜੇ ਤੋਂ ਉਠ ਮੈਂ ਹੌਲੀ ਹੌਲੀ ਪੌੜੀ ਉਤਰਦਾ ਵੇਹੜੇ 'ਚ ਆ ਕਾਹਲੀ ਕਾਹਲੀ ਦਰੋਂ ਬਾਹਰ ਹੋ ਗਿਆ। ਮੈਂ ਪਹੇ ਪਹੇ ਤੁਰਦਾ ਸੜਕ ਵਲ ਨੂੰ ਚਲ ਪਿਆ। ਤੁਰਿਆ ਜਾਂਦਾ ਜਾਂਦਾ ਮੈਂ ਪਿਛੇ ਮੁੜ ਕੇ ਵੀ ਦੇਖ ਲੈਂਦਾ ਕਿ ਕਿੱਡੀ ਕੁ ਦੂਰ ਆ ਗਿਆ ਸੀ।

ਤੁਰੇ ਜਾਂਦੇ ਜਾਂਦੇ ਇਕ ਵਾਰ ਫੇਰ ਮੇਰੀਆਂ ਅੱਖਾਂ ਅਗੇ ਉਸ ਦੇਵ ਦਾ ਚਿਹਰਾ ਘੁੰਮ ਗਿਆ, ਜਿਸਦੇ ਮੂੰਹੋਂ ਕਿਰਦੇ ਅੱਗ ਵਰਗੇ ਬੋਲ ਸੁਣਨ ਲਈ ਪੰਡਾਲ 'ਚ ਬੈਠੇ ਲੋਕ ਇਕ ਵਾਰ ਤਾਂ ਸਾਹ ਹੀ ਸੂਤ ਲੈਂਦੇ ਸਨ।

'ਕਿੰਨਾ ਦਲੇਰ ਸੀ ਉਹ !' ਮੈਨੂੰ ਉਸਦੇ ਏਨਾ ਹਰਮਨ ਪਿਆਰਾ ਹੋਣ ਤੇ ਅੰਦਰੋ ਅੰਦਰ ਬੜੀ ਈਰਖਾ ਹੋਇਆ ਕਰਦੀ ਸੀ।

ਆਪਣੇ ਆਪ ਨੂੰ ਬਾਹਲਾ ਅਗੇ ਆ ਗਿਆ ਦੇਖ ਫੇਰ ਮੈਂ ਪਿਛਾਂਹ ਵਲ ਨੂੰ ਹੀ ਮੁੜ ਗਿਆ।

'ਘਰੇ ਬਾਪੂ ਫਿਕਰ ਕਰਦਾ ਹੋਊ। ਹੋਣੇ ਨੇ', ਘਰ ਦਾ ਫਿਕਰ ਅੰਦਰੋ ਅੰਦਰ ਹੀ ਕੁਤਰ ਰਿਹਾ

'ਸਵੇਰੇ ਸੰਦੇਹਾਂ ਹੀ ਛੋਹ ਪਵਾਂਗੇ', ਤੁਰਿਆ ਆਉਂਦਾ ਰਿਹਾ ਸੀ।

'ਹੁਣੇ ਈ ਦੇਵ ਕੋਲੋਂ ਲੈਨਾਂ, ਸਵੇਰੇ ਕਿਥੇ ਪੁੱਛਦ ਬੈਠਕ ਲ ਗੇ ਆ ਕੇ ਮੈਂ ਟਿਹ ਗਿਆ।

ਕੁਝ ਪਲ ਮੈਂ ਖੜ੍ਹਾ ਪੀਂਦਿਆਂ ਦੇਖਦਾ ਰਿਹਾ। ਜਿਹਾ ਕਰਕੇ ਚੋਹਲੀਆਂ 'ਚ ਜਾ ਇਕ ਦਮ ਹੀ ਸਾਰੇ ਚੁੱਪ ਕ ਮੂੰਹ ਵਲ ਦੇਖਣ ਲਗ ਪਏ, ਇਥੇ ਆਉਣਾ ਉਨ੍ਹਾਂ ਨੂੰ ਚੰਗਾ ਨ ਹੋਵੇ।

'ਦੇਵ, ਇਕ ਮਿੰਟ ਗਲ ਮੈਂ ਇਸ਼ਾਰੇ ਨਾਲ ਦੇਵ ਨੂੰ ਬੁ ਆ ਗਿਆ।

ਮੇਰਾ ਬੋਲ ਸੁਣ ਪਲ ਦੇਵ ਨੇ ਮੇਰੇ ਵਲ ਘੂਰ ਕੇ ਫੇਰ ਖਿਝਿਆ ਜਿਹਾ ਉਠ ਗਿਆ।

'ਓਹ ਯਾਰ ਉਈਂ ਨਸ਼ ਦਿਮਾਗਿਆ ਫਿਰਦੈਂ', ਹਾਸੇ ਦੇ ਸ਼ਰਾਬੀ ਅਵਾਜ਼ ਮੇਰੇ ਮੱਥੇ 'ਚ

ਦੇਵ ਡਿਕਡੋਲੇ ਜਿਹੇ ਲਾਗੇ ਆ ਖੜਿਆ। ਉਸਨੂੰ ਦੇਖ ਮੈਨੂੰ ਕੁਝ ਵੀ ਨਹੀਂ ਸੀ ਕਿ ਗਲ ਕਿਥੋਂ ਸ਼ੁਰੂ ਕਰਾਂ।

'ਹਸਪਤਾਲ ਚਾ ਆਇਆ ਨੇ ਥਿੜਕਦੇ ਜਿਹੇ ਬੋਲੀਂ ਮੈਥੋਂ

'ਹਾਂ,' ਮੇਰੇ ਮੂੰਹੋਂ ਬਸ ਨਿਕਲ ਸਕਿਆ।

ਦੋ ਕੁ ਪਲ ਫੇਰ ਰਹੀ।

ਉਹ ਖਿਝਿਆ ਜਿਹਾ ਮੇਰੇ ਮੂੰਹ ਵਲ ਦੇਖੀ ਹੀ ਜਾ

'ਮੈਨੂੰ ਥੋੜੇ ਜਿਹੇ ਪੈਸੇ ਚ ਕਰੋ ਗਲੇ ਨਾਲ ਬੜੀ ਹੀ ਮੁ ਮੈਥੋਂ ਓਹ ਆਖ ਹੋਇਆ।

'ਮੇਰੇ ਕੋਲ ਹੈਗੇ ਤਾਂ ਐਕਸਰੇ ਜਿਹੇ ਕਰੌਣੇ ਪੈਗੇ', ਮੈਂ ਨੀਵੀਂ ਪਾ ਲਈ।

FOR WEDDING SWEETS AND YOUR CATERING NEEDS
*WE OFFER:*
• BEST FOOD • BEST SERVICE • BEST PRICE
*CALL BALWANT RAJA AT*
**325-5014**
6450 MAIN STREET (at 49th., AVE)
VANCOUVER, B.C. CANADA V5W 2V4

moti-mahal
**PH. 321-3223**

ਸਾਮਰਾਜੀ ਦੇਸ਼ ਨਾ ਕੇਵਲ ਆਪਣੇ ਦੇਸ਼ਾਂ ਅੰਦਰ ਹੀ ਖਾਲਿ-ਸਤਾਨੀ ਸਮਰਥਕਾਂ ਦੀ ਪਿੱਠ ਪੂਰ ਰਹੇ ਹਨ ਸਗੋਂ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਦੀ ਵੀ ਹਰ ਢੰਗ ਨਾਲ ਮਦਦ ਕਰ ਰਹੇ ਹਨ।

ਪਾਕਿਸਤਾਨ ਅੰਦਰ ਅੱਤਵਾਦੀ ਤੱਤਾਂ ਨੂੰ ਟਰੇਨਿੰਗ ਦੇਣ ਤਕ ਜੋ ਕੁਝ ਵੀ ਹੋ ਰਿਹਾ ਹੈ ਉਹ ਸਾਰਾ ਕੁਝ ਅਮਰੀਕੀ ਏਜੰਸੀਆਂ ਵਲੋਂ ਪਲਾਨ ਕੀਤਾ ਗਿਆ ਹੈ।ਉਹ ਪੰਜਾਬ ਦੀ ਅੱਤ-ਵਾਦੀ-ਵੱਖਵਾਦੀ ਲਹਿਰ ਦੇ ਪਾਕਿਸਤਾਨ ਅੰਦਰ ਸਥਾਪਤ।

ਕੇਂਦਰ ਨੂੰ ਹਰ ਤਰਾਂ ਨਾਲ ਅਗਵਾਈ ਦੇਂਦੀ ਚਲੀ ਆ ਰਹੀ ਹੈ

ਸੰਖੇਪ ਵਿਚ ਅਮਰੀਕਾ ਅਤੇ ਹੋਰ ਸਾਮਰਾਜੀ ਦੇਸ ਵਲੋਂ ਭਾਰਤ ਦੀ ਏਕਤਾ ਨੂੰ ਤੋੜਨ ਲਈ ਪਾਕਿਸਤਾਨ ਦੀ ਧਰਤੀ ਨੂੰ ਇਕ ਪੜੁੱਲ ਵਜੋਂ ਵਰਤਿਆ ਜਾ ਰਿਹਾ ਹੈ।

ਸੋਵੀਅਤ ਅਖਬਾਰ ਨੇ ਸਾਮਰਾਜੀਆਂ ਦੀਆਂ ਭਾਰਤ-ਵਿਰੋਧੀ ਗੋਂਦਾਂ ਦੇ ਸਬੰਧ ਵਿਚ ਜਿਹੜੇ ਤਾਜ਼ਾ ਤੱਥ ਪੇਸ਼ ਕੀਤੇ ਹਨ ਉਹ ਉਹਨਾਂ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਕਾਫੀ ਹਨ ਜਿਹੜੇ ਕਿ ਹਾਲੇ ਵੀ ਇਹ ਗਲ ਮੰਨਣ ਲਈ ਤਿਆਰ ਨਹੀਂ ਕਿ ਅਮਰੀਕਾ ਤੇ ਹੋਰ ਸਾਮਰਾਜੀ ਦੇਸ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਹਰ ਢੰਗ ਨਾਲ ਉਭਾਰ ਰਹੇ ਹਨ।

ਸੋਵੀਅਤ ਅਖਬਾਰ ਨੇ ਸਾਮਰਾਜੀ ਦੇਸਾਂ ਵਲੋਂ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਅਤੇ ਉਨ੍ਹਾਂ ਦੇਸਾਂ ਵਿਚਲੇ ਖਾਲਿਸਤਾਨੀ ਤੱਤਾਂ ਦੀ ਹਮਾਇਤ ਦੇ ਸਬੰਧ ਵਿਚ ਜੋ ਕੁਝ ਕਿਹਾ ਹੈ ਉਹ ਇਸ ਪਰਕਾਰ ਹੈ:

ਸੋਵੀਅਤ ਦੈਨਿਕ ਸੋਵਿਤਸਕਾਇਆ ਰੋਸੀਆ ਨੇ ਪਾਕਿਸਤਾਨ ਅਮਰੀਕਾ, ਕੈਨੇਡਾ, ਪਛਮੀ ਜਰਮਨੀ ਤੇ ਬਰਤਾ-ਨੀਆ ਦੀ ਇਸ ਗਲ ਲਈ ਤਿੱਖੀ ਨੁਕਤਾਚੀਨੀ ਕੀਤੀ ਹੈ ਕਿ ਉਹ ਸਿਖ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਹੇ ਹਨ ਤੇ ਇਸ ਤਰ੍ਹਾਂ ਪੰਜਾਬ ਦੇ ਦੁਖਾਂਤ ਦੇ ਸਹਿ-ਨਿਰਦੇਸ਼ਕ ਬਣ ਗਏ ਹਨ।

ਉਸ ਨੇ ਕਿਹਾ ਹੈ ਕਿ ਇਹ ਪਾਕਿਸਤਾਨ ਤੇ ਪੱਛਮੀ ਸਰਪ੍ਰਸਤਾਂ ਦੀ ਸ਼ਹਿ ਹੀ ਹੈ ਜਿਹੜੀ ਅੱਤਵਾਦੀਆਂ ਨੂੰ ਹਿੰਦ ਦੀ ਅੰਦਰੂਨੀ ਸਥਿਤੀ ਨੂੰ ਵਿਗਾੜਨ ਵਾਲੀਆਂ ਸਰਗਰਮੀਆਂ ਜਾਰੀ ਰਖਣ ਵਿਚ ਮਦਦ ਕਰ ਰਹੀ ਹੈ।

# ਸੱਜ ਪਿਛਾਖੜੀ ਫਿਰਕੂ ਸੋਚ ਲਈ ਭੁਗਤਦੇ 'ਸਿਧਾਂਤਕਾਰ' ਤੇ ਪੰਜਾਬ ਮਸਲਾ

**ਗੁਰਨਾਮ ਸਿੰਘ ਸੰਘੇੜਾ**

ਇਥੇ ਅਸੀਂ ਸ੍ਰੀ ਹਰਚਰਨ ਸਿੰਘ ਬੈਂਸ ਦੇ ਲੇਖ, "ਪੰਜਾਬ ਵਿਚ ਕਾਮਰੇਡਾਂ ਦੇ ਗੋਲੀਆਂ ਕਿਉਂ ਵੱਜ ਰਹੀਆਂ ਹਨ?" (ਦਸ ਜੂਨ 1988 ਦੇ ਇੰਡੋ-ਕਨੇਡੀਅਨ ਟਾਈਮਜ਼ ਦੇ ਪੰਜਾਬ ਪੱਤ੍ਰਕਾ ਸੈਕਸ਼ਨ ਵਿਚ), ਸ੍ਰੀ ਪਿਆਰਾ ਸਿੰਘ ਭੋਗਲ ਤੇ ਜਸਵੰਤ ਸਿੰਘ ਕੰਵਲ ਦੇ ਖਾਲਿਸਤਾਨੀਆਂ (ਜਿਹਨਾਂ ਨੂੰ 'ਚਤੁਰਾਈ' ਨਾਲ "ਖਾੜਕੂ" ਆਖਦੇ ਹਨ) ਦੇ ਹੱਕ ਵਿਚ ਭੁਗਤਣ ਵਾਲੇ ਲੇਖਾਂ ਵਾਰੇ ਚਰਚਾ ਕਰਨੀ ਹੈ। ਇਹ ਸਭ ਤੱਥ ਵਿਗਾੜ ਕੇ ਅਤੇ ਅਸਲੀ ਪ੍ਰਸੰਗ ਵਿਚੋਂ ਕੱਢ ਕੇ ਪੇਸ਼ ਕਰਦੇ ਹਨ ਅਤੇ ਕਮਿਊਨਿਸਟ ਲਹਿਰ ਵਿਰੋਧੀ ਪ੍ਰਚਾਰ ਕਰਦੇ ਹਨ। ਇਹਨਾਂ ਦੀ ਲਿਖਤ ਅਤੇ ਦਲੀਲਾਂ ਦੇਸ਼ ਵਿਰੋਧੀ ਅਨਸਰਾਂ ਅਤੇ ਹਜ਼ਾਰਾਂ ਹੀ ਨਿਰਦੋਸ਼ਿਆਂ ਦੇ ਅਤਿਵਾਦੀ ਕਾਤਲਾਂ ਅਤੇ ਫਿਰਕੂ ਕੱਟੜ ਪੰਥੀਆਂ ਦੇ ਹੱਕ ਵਿਚ ਜਾ ਖੜ੍ਹਦੀਆਂ ਹਨ। ਇਹ ਸਭ ਹੀ ਧਰਮ, ਧਾਰਮਿਕ ਅਸਥਾਨਾਂ ਦੀ ਪਵਿਤਰਤਾ, ਮਾਨਸਿਕਤਾ, ਅਗਾਂਹ ਵਧੂ ਸਿਧਾਂਤ, ਲੋਕ, ਕਾਂਗਰਸ ਅਤੇ ਪੰਜਾਬ ਮਸਲੇ ਸਬੰਧੀ ਸੀ ਪੀ ਐਮ ਦੀ ਗੱਲ ਕਰਦੇ ਅਤੇ ਸੀ ਪੀ ਐਮ ਨੂੰ ਬਦਨਾਮ ਕਰਨ ਦਾ ਅਸਫਲ ਯਤਨ ਕਰਦੇ ਹਨ। ਸੋ ਇਸ ਰੋਸ਼ਨੀ ਵਿਚ, ਮੁਢਲੀ ਭੂਮਿਕਾ ਦੇਣ ਦੇ ਪਿਛੋਂ ਇਹਨਾਂ ਸਭ ਦਾ ਹੀ ਬਰੌਡ ਚੌਖਟੇ ਵਿਚ ਸਾਂਝਾ ਜਵਾਬ।

ਸਭ ਤੋਂ ਪਹਿਲਾਂ ਫਿਰਕੂ ਜਨੂੰਨੀਆਂ, ਵੱਖਵਾਦੀਆਂ, ਅਤਿਵਾਦੀਆਂ, ਖਾਲਿਸਤਾਨੀਆਂ ਹੱਥੋਂ ਮਾਰਕਸੀ ਲੈਨਿਨੀ ਵਿਚਾਰਧਾਰਾ ਵਾਲੇ ਸਾਥੀਆਂ ਦੀਆਂ ਸ਼ਹੀਦੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਇਹ ਸ਼ਹੀਦ ਮਜ਼ਦੂਰ ਕਿਸਾਨ ਦੀ ਏਕਤਾ, ਭਰਾਤਰੀ ਸਦਭਾਵਨਾ ਅਤੇ ਭਾਰਤੀ ਅਖੰਡਤਾ ਲਈ ਲੜੇ ਅਤੇ ਅਗੋਂ ਤੋਂ ਇਹਨਾਂ ਦੀਆਂ ਕੁਰਬਾਨੀਆਂ ਅਤੇ ਸੀ. ਪੀ. (ਐਮ) ਤੇ ਸੀ ਪੀ ਆਈ ਵਲੋਂ ਮੋਹਰਲੀ ਕਤਾਰ ਵਿਚ ਖੜਕੇ ਅਗਵਾਈ ਦੇਣ ਨੇ ਪੰਜਾਬ ਦੇ ਲੋਕਾਂ ਨੂੰ ਬਹੁਤ ਹੌਸਲਾ ਦਿੱਤਾ ਅਤੇ ਲੋਕਾਂ ਵਿਚ ਸ਼ਲਾਘਾਯੋਗ ਤੇ ਵੱਡੀ ਥਾਂ ਬਣਾਈ ਹੈ। ਇਸ ਹੀ ਤਰ੍ਹਾਂ ਹੋਰਾਂ ਸੂਬਿਆਂ ਵਿਚ। ਨਾਲ ਹੀ ਹਜ਼ਾਰਾਂ ਹੀ ਨਿਰਦੋਸ਼ਿਆਂ ਦੇ ਇਹਨਾਂ ਵਹਿਸ਼ੀ ਵਖਵਾਦੀਆਂ ਹੱਥੋਂ ਕਤਲਾਂ ਦਾ ਖੰਡਨ ਕਰਦੇ ਹਾਂ ਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦਿਲੀ ਦੁਖ ਦਾ ਪ੍ਰਗਟਾਵਾ ਕਰਦੇ ਹਾਂ।

ਹੁਣ ਇਸ ਲੇਖ ਦਾ ਵਿਸ਼ਾ ਸ੍ਰੀ ਹਰਚਰਨ ਸਿੰਘ ਬੈਂਸ ਦੇ 10 ਜੂਨ 1988 ਦੇ 'ਇੰਡੋ-ਕਨੇਡੀਅਨ ਟਾਈਮਜ਼' ਦੇ ਪੰਜਾਬੀ ਪੱਤ੍ਰਕਾ ਸੈਕਸ਼ਨ ਵਿਚ "ਪੰਜਾਬ ਵਿਚ ਕਾਮਰੇਡਾਂ ਦੇ ਗੋਲੀਆਂ ਕਿਉਂ ਵੱਜ ਰਹੀਆਂ ਹਨ?" ਲੇਖ ਬਾਰੇ ਕੁਝ ਵਿਚਾਰ ਕਰਨੇ ਅਤੇ ਵਿਸਥਾਰ ਸਹਿਤ ਗੱਲ ਕਰਨੀ ਹੈ। ਇਹ ਲੇਖ ਪੰਜਾਬੀ ਟ੍ਰਿਬਿਊਨ ਵਿਚ ਭੀ ਛਪ ਚੁੱਕਾ ਹੈ। ਇਹ ਲੇਖ ਬਹੁਤ ਪੇਤਲਾ, ਦਲੀਲ ਰਹਿਤ, ਬਿਨ ਸਿਰ ਪੈਰ ਤੋਂ ਤੁਹਮਤਾਂ ਭਰਿਆ ਇਕ ਪ੍ਰਾਪੇਗੰਡਾ ਹੈ ਜੋ ਵਖਵਾਦੀਆਂ, ਅਤਿਵਾਦੀਆਂ ਅਤੇ ਅਮਰੀਕੀ ਸਾਮਰਾਜ ਤੇ ਉਸ ਦੀ ਸੀ. ਆਈ. ਏ. ਦੇ ਹੱਕ ਵਿਚ ਭੁਗਤਦਾ ਹੈ। ਉਸ ਨੂੰ ਪੰਜਾਬ ਤੇ ਪੰਜਾਬੀ ਲੋਕਾਂ ਦੇ ਮਸਲੇ ਦੀ ਥਾਂ ਬਿਲਕੁਲ ਸਿੱਖ ਮਸਲਾ ਜਾਪਦਾ ਹੈ ਅਤੇ ਅਮਰੀਕਾ ਤੇ ਸੀ. ਆਈ. ਏ. ਦਾ ਹੱਥ ਨਹੀਂ ਜਾਪਦਾ (ਜਦੋਂ ਕਿ ਹੁਣ ਸਬੂਤ ਮੌਜੂਦ ਹਨ)। ਇਥੇ ਦੋ ਕਿਸਮ ਦੀਆਂ ਦਲੀਲਾਂ ਹੋ ਸਕਦੀਆਂ ਹਨ ਕਿ (1) ਇਹ ਸ਼੍ਰੀਮਾਨ ਜੀ ਇਹਨਾਂ ਪੱਖਾਂ ਦੇ ਗਿਆਨ ਤੋਂ ਅਣਜਾਣ ਤੇ ਕੋਰੇ ਹਨ। ਜਾਂ (2) ਇਹਨਾਂ ਨੇ ਜਾਣ ਬੁਝ ਕੇ ਊਲ ਜਲੂਲ ਦਾਗ ਮਾਰਿਆ। ਮੇਰੇ ਖਿਆਲ ਵਿਚ ਦੂਜਾ ਪੱਖ ਹੈ। ਜਿਸ ਢੰਗ ਨਾਲ ਇਹੋ ਜਿਹਾ ਪ੍ਰਚਾਰ ਕੀਤਾ ਜਾਂਦਾ ਹੈ, ਉਸ ਦੀ ਸੁਰ ਕਾਂਗਰਸ ਸਰਕਾਰ ਅਤੇ ਸਾਮਰਾਜੀ ਹਿਤਾਂ ਨਾਲ ਰਲਦੀ ਹੈ।

ਅਸੀਂ ਹਰ ਮਸਲੇ ਨੂੰ ਠੋਸ ਇਤਿਹਾਸਕ ਹਾਲਾਤ ਵਿਚ ਰੱਖ ਕੇ ਉਸ ਦੇ ਹਰ ਪੱਖ ਨੂੰ ਆਰਥਕ, ਸਿਆਸੀ, ਸਮਾਜਕ, ਸਭਿਆਚਾਰਕ, ਧਾਰਮਿਕ ਆਦਿ ਨੁਕਤਿਆਂ ਤੋਂ ਦੇਖਦੇ ਹਾਂ ਪਰ ਫੈਸਲਾਕੁਨ ਤੱਤ ਆਰਥਕ ਹੈ। ਇਕੋ ਧਰਮ ਜਾਂ ਜਾਤ ਜਾਂ ਰੰਗ ਆਦਿ ਦੇ ਹਾਕਮ ਅਤੇ ਮਾਲਕ ਦੀ ਮਹਿਕੂਮ ਤੇ ਮਜ਼ਦੂਰ ਦੀ ਕੋਈ ਸਾਂਝ ਨਹੀਂ। ਗੱਲ ਆਰਥਕ ਵੰਡ ਦੀ ਹੈ। ਪੈਦਾਵਾਰੀ ਰਿਸ਼ਤੇ ਕਿਸ ਦੇ ਅਧੀਨ ਹਨ? ਪੈਦਾਵਾਰ ਕਰਨ ਵਾਲੇ ਸਾਧਨਾਂ ਦੇ ਮਾਲਕ ਨੇ ਮੁਨਾਫਾਖੋਰੀ ਤੇ ਲੁੱਟ ਕਰਨੀ ਹੈ। ਸੋ ਗਲ ਕਿਸੇ ਧਰਮ ਜਾਂ ਰੰਗ ਆਦਿ ਦੀ ਨਹੀਂ। ਇਸ ਲਈ ਗੱਲ ਸਮਾਜੀ ਤੇ ਆਰਥਿਕ ਵੰਡ ਭਾਵ ਜਮਾਤੀ ਵੰਡ ਦੀ ਹੈ। ਜਿੰਨੀ ਦੇਰ ਪੈਦਾਵਾਰੀ ਸਾਧਨਾਂ ਦੇ ਮਾਲਕ ਧਨੀ, ਰਾਜ ਕਰਦੇ ਹਨ, ਉਨੀ ਦੇਰੀ ਉਹ ਮਜ਼ਦੂਰ ਕਿਸਾਨ ਦੇ ਕਲਿਆਣ ਦੀ ਗੱਲ ਨਹੀਂ ਕਰਨਗੇ ਕਿਉਂਕਿ ਹੁਣ ਦੇ ਆਪਸੀ ਹਿਤਾਂ ਅਮਿਟ ਵਿਰੋਧ ਵਾਲੇ ਹਨ। ਇਸ ਲਈ ਮਾਲਕ ਕੋਸ਼ਿਸ਼ ਕਰੇਗਾ ਕਿ ਮਜ਼ਦੂਰਾਂ ਨੂੰ ਕਮਜ਼ੋਰ ਰੱਖਣ ਲਈ, ਉਹਨਾਂ ਨੂੰ ਵੰਡ ਕੇ ਰੱਖਿਆ ਜਾਵੇ। ਅਤੇ ਵੰਡ ਪਾਉਣ ਵਾਲੇ ਕਾਰਨ ਧਰਮ, ਰੰਗ, ਇਲਾਕਾ, ਜਾਤ, ਕਬੀਲਾ ਅਤੇ ਦੇਸ਼ ਆਦਿ ਵਰਤੇ ਜਾਂਦੇ ਹਨ। ਰਾਜ ਸੱਤਾ ਵਿਚ ਰਹਿਣ ਮਜ਼ਦੂਰ ਵਿਰੋਧੀ ਹਾਕਮ ਜਮਾਤ, ਇਹੋ ਜਿਹੀਆਂ ਵੰਡਾਂ ਨੂੰ ਵਰਤਦੀ, ਪੈਦਾ ਕਰਦੀ ਅਤੇ ਉਤਸ਼ਾਹਿਤ ਕਰਦੀ ਹੈ (ਜਮਾਤਾਂ, ਜਮਾਤੀ ਵੰਡ ਅਤੇ ਵਿਚਾਰਧਾਰਕ ਚੇਤਨਤਾ ਬਾਰੇ ਅੱਗੇ ਜਾਕੇ)। ਕੌਮੀ ਹਿਤ ਜਮਾਤੀ ਹਿਤਾਂ ਤੋਂ ਵਖਰੇ ਨਹੀਂ। ਹਰ ਜਮਾਤ ਦਾ ਕੌਮੀ ਹਿਤਾਂ ਪ੍ਰਤੀ ਕੀ ਰਵੱਈਆ ਹੈ, ਇਹ ਉਸ ਜਮਾਤ ਦੇ ਆਪਣੇ ਲਾਭਾਂ ਅਤੇ ਸਮਾਜ ਵਿਚ ਉਸ ਦੇ ਸਥਾਨ ਤੇ ਨਿਰਭਰ ਕਰਦਾ ਹੈ।

ਅਸੀਂ ਅੰਤਰ-ਰਾਸ਼ਟਰੀ ਹੁੰਦੇ ਹੋਏ ਭੀ ਦੇਸ਼ ਭਗਤ ਦੇਸ਼ ਦੇ ਅਖੰਡਤਾ, ਆਜ਼ਾਦੀ ਅਤੇ ਭਰਾਤਰੀ ਭਾਵ ਦੇ ਝੰਡਾ ਬਰਦਾਰ ਹਾਂ ਕਿਉਂਕਿ ਮਜ਼ਦੂਰਾਂ ਦੇ ਹਿਤ ਸਾਂਝੇ ਹਨ। ਪਰ ਅਸੀਂ ਇਕ ਦੂਜੇ ਦੇਸ਼ ਉਪਰ ਕਬਜ਼ੇ ਜਾਂ ਧਰਮ ਆਦਿ ਦੇ

ਨਾਮ ਉਪਰ ਵੰਡੀਆਂ ਦੇ ਵਿਰੁਧ ਹਾਂ। ਧਰਮ ਤਾਂ ਕਿਸੇ ਵਿਅਕਤੀ ਦਾ ਅੰਦਰਲਾ ਮਾਮਲਾ ਹੈ (ਇਸ ਤੇ ਭੀ ਅਗਲੇ ਹਿੱਸੇ ਵਿਚ ਵਿਸਥਾਰ ਨਾਲ ਵਿਚਾਰ) ਅਤੇ ਇਸ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ। ਪਰ ਜਦੋਂ ਭੀ ਇਸ ਨੇ ਮੋਹਰਲੀ ਕਤਾਰ ਵਿਚ ਹੋ ਕੇ ਸਿਆਸਤ ਵਿਚ ਹਿੱਸਾ ਪਾਇਆ ਤੇ ਰਾਜ ਸੱਤਾ ਵਿਚ ਦਖਲ ਅੰਦਾਜ਼ੀ ਕੀਤੀ ਤਾਂ ਲੋਕਾਂ ਦਾ ਕਤਲੇਆਮ ਕਰਾਇਆ, ਦੱਬੇ ਕੁਚਲਿਆਂ ਨੂੰ ਦਬਾਉਣ ਵਿਚ ਸਮੇਂ ਦੇ ਹਾਕਮਾਂ ਤੇ ਬਦੇਸ਼ੀ ਸਾਮਰਾਜੀਆਂ ਦਾ ਹੱਥ ਠੋਕਾ ਭੀ ਬਣਿਆ। ਮਾਰਕਸਵਾਦ ਲੈਨਿਨਵਾਦ ਦੇ ਸਰਬ ਵਿਆਪਕ ਅਸੂਲ ਹਨ ਜਿਵੇਂ ਮਜ਼ਦੂਰ ਵਰਗ ਅਤੇ ਇਸ ਦੀ ਪਾਰਟੀ ਦਾ ਹਰਾਵਲ ਦਸਤੇ ਦਾ ਰੋਲ, ਲੋਕਾਂ ਦਾ ਇਨਕਲਾਬੀ ਐਕਸ਼ਨ, ਲੋਟੂ ਜਮਾਤ ਦੀ ਸਟੇਟ ਮਸ਼ੀਨ ਨੂੰ ਤੋੜਨਾ, ਪੈਦਾਵਾਰੀ ਸਾਧਨਾਂ ਦਾ ਕੌਮੀਕਰਨ, ਅਮਨ, ਆਮ ਲੋਕਾਂ ਲਈ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਹਰ ਇਕ ਨੂੰ ਕੁੱਲੀ, ਗੁੱਲੀ ਤੇ ਜੁੱਲੀ ਦੇਣਾ ਆਦਿ ਹਨ। ਲੈਨਿਨ ਦੇ ਅਨੁਸਾਰ "ਬੋਲਸ਼ਿਵਿਜ਼ਮ ਸਾਰਿਆਂ ਲਈ ਦਾਅ ਪੇਚਾਂ ਦਾ ਨਮੂਨਾ ਹੈ"। ਪਰ ਹਰ ਦੇਸ਼ ਦੇ ਆਪਣੇ ਵਿਸ਼ੇਸ਼ ਤੇ ਵਿਲੱਖਣ ਹਾਲਾਤ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਭਾਰਤ ਦੀ ਮਾਰਕਸੀ ਪਾਰਟੀ ਨੇ ਆਪਣੇ ਪਾਲਸੀ ਬਿਆਨ ਵਿਚ ਇਉਂ ਲਿਖਿਆ ਹੈ,

"ਸਾਡੀ ਪਾਰਟੀ ਨਵੀਂ ਸਮਝ ਉਤੇ ਪੁੱਜੀ ਹੈ। ਜਿਸ ਰਾਹ ਨੂੰ ਅਸੀਂ ਨਾ ਰੂਸੀ ਤੇ ਨਾ ਚੀਨੀ ਨਾਮ ਦਿੰਦੇ ਹਾਂ ਤੇ ਨਾ ਦੇ ਸਕਦੇ ਹਾਂ। ਇਹ ਹੋਣਾ ਚਾਹੀਦਾ ਹੈ ਅਤੇ ਇਹ ਉਹ ਹੈ ਜਿਹੜਾ ਮਾਰਕਸ, ਐਂਗਲਜ਼, ਲੈਨਿਨ ਤੇ ਸਟਾਲਿਨ ਦੀਆਂ ਸਿਖਿਆਵਾਂ ਦੇ ਅਨੁਸਾਰੀ ਹੈ। ਅਤੇ ਜਿਹੜਾ ਇਤਿਹਾਸ ਦੇ ਸਾਰੇ ਸੰਗਰਾਮਾਂ, ਖਾਸ ਕਰਕੇ ਰੂਸੀ ਤੇ ਚੀਨੀ ਇਨਕਲਾਬਾਂ ਦੇ ਸਬਕਾਂ ਤੋਂ ਲਾਭ ਉਠਾਉਂਦਾ ਹੈ। ਰੂਸੀ ਇਸ ਕਰਕੇ ਕਿਉਂਕਿ ਸੰਸਾਰ ਦਾ ਇਹ ਪਹਿਲਾ ਸੋਸ਼ਲਿਸਟ ਇਨਕਲਾਬ ਸੀ ਜਿਹੜਾ ਮਜ਼ਦੂਰ ਜਮਾਤ ਨੇ ਲੈਨਿਨ ਤੇ ਸਟਾਲਿਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਇਕ ਸਰਮਾਏਦਾਰੀ ਤੇ ਸਾਮਰਾਜੀ ਦੇਸ਼ ਵਿਚ ਸਿਰੇ ਚੜ੍ਹਾਇਆ ਤੇ ਚੀਨੀ ਇਸ ਕਰਕੇ ਕਿਉਂਕਿ ਨੀਮ ਗੁਲਾਮ ਤੇ ਅਧੀਨ ਦੇਸ਼ ਵਿਚ ਇਹ ਪਹਿਲਾ ਲੋਕ ਜਮਹੂਰੀ ਇਨਕਲਾਬ ਸੀ ਜਿਹੜਾ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਹੋਇਆ ਤੇ ਜਿਸ ਵਿਚ ਕੌਮੀ ਬੁਰਜੁਆਜ਼ੀ (ਸਰਮਾਏਦਾਰੀ) ਨੇ ਵੀ ਹਿੱਸਾ ਲਿਆ। ਨਾਲ ਹੀ ਇਹ ਯਾਦ ਰਖਣਾ ਜ਼ਰੂਰੀ ਹੈ ਕਿ ਹਰ ਦੇਸ਼ ਦੇ ਆਪਣੇ ਉਚੇਚੇ ਕੁਦਰਤੀ ਤੇ ਸਮਾਜੀ ਖਾਸੇ ਹੁੰਦੇ ਹਨ ਜਿਹੜੇ ਆਜ਼ਾਦੀ ਲਈ ਇਸ ਦੇ ਰਾਹ ਨੂੰ ਨਿਰਧਾਰਤ ਕਰਨ ਵਿਚ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੇ।"

ਕਾਂਗਰਸ ਦੀ ਹਾਕਮ ਕੇਂਦਰੀ ਸਰਕਾਰ ਨੇ ਮੁੱਢ ਤੋਂ ਹੀ ਦੇਸ਼ ਦੇ ਲੋਕਾਂ ਵਿਚ ਭਾਰਤੀਆਂ ਦੇ ਤੌਰ ਤੇ ਏਕਤਾ ਭਰਨ, ਘੱਟ ਗਿਣਤੀਆਂ ਦੀ ਪੂਰੀ ਰਾਖੀ ਕਰਨ ਅਤੇ ਲੋਕਾਂ ਦੀ ਲੁੱਟ ਖਸੁੱਟ ਖਤਮ ਕਰਨ ਤੋਂ ਅਸਮਰਥ ਰਹੀ ਅਤੇ ਸਗੋਂ ਗੱਦੀ ਤੇ ਰਹਿਣ ਲਈ ਧਰਮ, ਜਾਤ ਆਦਿ ਦੀਆਂ ਵੰਡਾਂ ਨੂੰ ਵਰਤਿਆ ਤੇ ਉਤਸ਼ਾਹਤ ਕੀਤਾ। ਪਰ ਇਹ "ਇਤਿਹਾਸਕ ਤਜਰਬਾ ਹੈ ਕਿ ਜੇ ਸਰਮਾਏਦਾਰੀ ਦੇ ਹੱਥ ਸੁਤੰਤਰਤਾ ਸੰਗਰਾਮ ਦੀ ਸਰਦਾਰੀ ਹੋਵੇ ਤਾਂ ਉਹ ਕੌਮੀ ਜਮਹੂਰੀ ਇਨਕਲਾਬ ਨੂੰ ਉਸ ਦੀ ਸੰਪੂਰਨਾ ਤਕ ਅਗੇ ਨਹੀਂ ਖੜ੍ਹਦੀ" (ਸੀ. ਪੀ. ਐ. ਪ੍ਰੋਗਰਾਮ)। ਇਸ ਸ੍ਰੀਮਾਨ ਨੂੰ ਇਤਰਾਜ਼ ਹੈ ਕਿ ਖੱਬੀਆਂ ਪਾਰਟੀਆਂ ਕਾਂਗਰਸ ਨੂੰ ਨਿੰਦਦੀਆਂ ਭੀ ਹਨ ਪਰ ਕਈ ਵਾਰ ਉਸ ਦੀ ਵਕਤੀ ਮਦਦ ਕਰ ਦਿੰਦੀਆਂ ਹਨ ਸ਼ਾਇਦ ਸ੍ਰੀਮਾਨ ਜੀ ਨੂੰ ਰਾਜਨੀਤਕ ਸਾਇੰਸ ਤੇ ਸਮਾਜੀ ਵਿਗਿਆਨ ਦਾ ਗਿਆਨ ਨਹੀਂ। ਅਤੇ ਮਾਰਕਸੀ ਪਾਰਟੀ ਬਾਰੇ ਭੀ ਪਤਾ ਨਹੀਂ। ਜੇ ਮਹਾਂਰਾਜਿਆਂ ਦੇ ਭੱਤੇ ਕਾਂਗਰਸ ਬੰਦ ਕਰਦੀ ਹੈ ਤਾਂ ਕੀ ਵਿਰੋਧ ਕੀਤਾ ਜਾਂਦਾ। ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤਾਂ ਮਾਰਕਸੀ ਪਾਰਟੀ ਨੇ ਡਟਵਾਂ ਵਿਰੋਧ ਕੀਤਾ ਤੇ ਸਾਲਾਂ ਬੱਧੀ ਜੇਲ੍ਹਾਂ ਵਿਚ ਰਹੇ। ਪਰ ਹੁਣ ਜੇ ਪਿੱਛੇ ਖਿਚੂ, ਲੋਕ ਦੁਸ਼ਮਣ ਤੇ ਫਿਰਕੂ ਪਾਰਟੀਆਂ ਕਾਬਜ਼ ਹੋਣਾ ਚਾਹੁਣ ਤਾਂ ਉਸ ਦਾ ਵਿਰੋਧ ਕਰਨਾ ਬਣਦਾ ਹੈ ਕਿਉਂਕਿ ਇਤਿਹਾਸ ਦਾ ਪਹੀਆ ਪਿਛੇ ਨਹੀਂ ਮੁੜਨ ਦਿੱਤਾ ਜਾਵੇਗਾ। ਇਹ ਖੱਬੀਆਂ ਪਾਰਟੀਆਂ ਹੀ ਹਨ ਜੋ ਹੁਣ ਰਾਜੀਵ ਨੂੰ ਗੱਦੀ ਤੋਂ ਲਾਹੇ ਦੀ ਮੁਹਿਮ ਚਲਾ ਰਹੀਆਂ ਤੇ ਨਾਲ ਹੀ ਹੋਰ ਜਨਤਕ ਮੁਹਿਮਾਂ ਵਿਚ ਸਰਗਰਮ ਹਨ। ਸਿਆਸੀ ਮੁਹਿਮਾਂ ਸਮੁੱਚੇ ਚੌਖਟੇ ਵਿਚ ਹੀ ਚਲਦੀਆਂ ਹਨ। ਇਹ ਖੱਬੀਆਂ ਪਾਰਟੀਆਂ ਹੀ ਹਨ ਜੋ ਦੇਸ਼ ਭਰ ਵਿਚ ਆਵਾਜ਼ ਉਠਾ ਰਹੀਆਂ ਹਨ ਕਿ ਕਾਂਗਰਸ ਸਰਕਾਰ ਵੱਖਵਾਦੀਆਂ ਤੇ ਫਿਰਕੂਆਂ ਨੂੰ ਉਤਸ਼ਾਹਿਤ ਕਰਦੀ ਹੈ, ਇਸ ਲਈ ਇਸ ਨੂੰ ਗੱਦੀ ਤੋਂ ਲਾਹ ਕੇ ਖੱਬਾ ਜਮਹੂਰੀ ਫਰੰਟ ਅਗੇ ਆਵੇ ਤਾਂਕਿ ਫਿਰਕੂ ਵੰਡੀਆਂ ਖਤਮ ਹੋਣ, ਬਦੇਸ਼ੀ ਦਖਲ ਅੰਦਾਜ਼ੀ ਨੂੰ ਭਾਂਜ ਦਿੱਤੀ ਜਾਵੇ ਅਤੇ ਘੱਟ ਗਿਣਤੀ ਲੋਕਾਂ ਦੀ ਪੂਰੀ ਰਾਖੀ ਹੋਵੇ ਅਤੇ ਸਹੀ ਅਰਥਾਂ ਵਿਚ ਧਰਮ ਨਿਰਪੇਖਤਾ ਲਾਗੂ ਹੋਵੇ ਪਰ ਜੋ ਮੁਹਿੰਮਾਂ ਤੇ ਕਤਲੋਗਾਰਤ ਫਿਰਕੂ ਜਨੂੰਨੀ ਤੇ ਵੱਖਵਾਦੀ ਅਨਸਰ (ਤਰੀਪੁਰਾ ਤੋਂ ਪੰਜਾਬ ਤੱਕ) ਕਰ ਰਹੇ ਹਨ ਉਹ ਹਰਕਤਾਂ ਕਾਂਗਰਸ ਦੇ ਹੱਕ ਵਿਚ ਭੁਗਤ ਦੀਆਂ ਹਨ ਅਤੇ ਸਾਮਰਾਜੀਆਂ ਨੂੰ ਭਾਰਤ ਦੇ ਟੋਟੇ ਤੇ ਅਸਥਿਰ ਕਰਨ ਲਈ ਸਹਾਈ ਹੁੰਦੀਆਂ ਹਨ। ਕਾਂਗਰਸ ਨੂੰ ਖੱਬੀ ਜਮਹੂਰੀ ਲਹਿਰ ਤੇ ਲੋਕ ਏਕਤਾ ਨਾਲ ਲਾਹਿਆ ਜਾ ਸਕਦਾ ਹੈ। ਅਸੀਂ ਸਮਝਦੇ ਹਾਂ ਕਿ ਕਾਂਗਰਸ ਮੁਖ ਤੌਰ ਤੇ ਜ਼ੁੰਮੇਂਵਾਰ ਹੈ ਪਰ ਫਿਰਕੂ ਜਨੂੰਨੀ, ਖਾਲਿਸਤਾਨੀ ਤੇ ਅਤਿਵਾਦੀ ਤਾਂ ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਲਈ ਫੌਰੀ ਤੁਰੰਤ ਖਤਰੇ ਬਣੇ ਹੋਏ ਹਨ ਜਿਸ ਲਈ ਇਹਨਾਂ ਨੂੰ ਭਾਂਜ ਦੇਣੀ ਜ਼ਰੂਰੀ ਹੈ ਜਿਸ ਬਾਰੇ ਸ੍ਰੀ ਬੈਂਸ ਜੀ ਚੁੱਪ ਹਨ। ਇਹਨਾਂ ਹੱਥੋਂ ਹਜ਼ਾਰਾਂ ਹੀ ਨਿਰਦੋਸ਼ਿਆਂ ਦੇ ਕਤਲ, ਪਾਕਿਸਤਾਨ ਤੋਂ ਅੱਠ ਟਰੇਨਿੰਗ ਕੈਂਪਾਂ ਵਿਚ ਖਾਲਿਸਤਾਨੀਆਂ ਨੂੰ ਟਰੇਨਿੰਗ ਅਤੇ ਅਮਰੀਕਨ ਸੀ ਆਈ ਏ (ਇਸ ਬਾਰੇ ਵਿਸਥਾਰ ਪੂਰਬਕ ਤੀਜੇ ਲੇਖ ਵਿਚ) ਵਾਰੇ ਚੁਪ ਜਾਂ ਉਹਨਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ ਜਿਸ ਦਾ ਖੰਡਨ ਕਰਨਾ ਜ਼ਰੂਰੀ ਹੈ। ਜਿਹੜਾ ਵਿਅਕਤੀ ਜਾਂ ਅਖੌਤੀ ਬੁੱਧੀਜੀਵੀ ਫਿਰਕਾਪ੍ਰਸਤੀ ਅਤੇ ਵੱਖਵਾਦ ਨੂੰ ਠੋ ਕੇ ਭੰਡਦਾ ਨਹੀਂ, ਉਹ ਦੇਸ਼ ਦਾ ਹਤੈਸ਼ੀ ਨਹੀਂ। ਅਜ ਦੂਹਰੀ ਖੇਡ ਖੇਡਣ ਵਾਲਿਆਂ ਅਤੇ ਲੋਕਾਂ ਨੂੰ ਬੁਧੂ ਬਣਾਉਣ ਵਾਲਿਆਂ ਨੂੰ ਨੰਗੇ ਕਰਨਾ ਜ਼ਰੂਰੀ ਹੈ। ਜਿਵੇਂ ਪਾਲ ਨਿਜ਼ਾਨ, ਲੈਨਿਨ ਦੇ ਇਹਨਾਂ ਸ਼ਬਦਾਂ ਨਾਲ ਸਹਿਮਤ ਹੈ ਕਿ "ਰਾਜਨੀਤੀ ਵਿਚ ਬੇ-ਰੁਖੀ ਦਾ ਭਾਵ ਹੈ, ਤਸੱਲੀ — (ਜਿਸ ਦਾ ਭਾਵ ਲੋਕ ਦੁਸ਼ਮਣ ਨਾਲ ਸਹਿਮਤ ਹੈ) ਸਰਮਾਏਦਾਰ ਸਮਾਜ ਵਿਚ ਨਿਰਪਖਤਾ ਤਾਂ ਪਰਦਾ ਪੋਸ਼ੀ, ਫਰੇਬੀ ਤੇ ਚੁਪਕੇ ਜਿਹੇ ਢੰਗ ਨਾਲ ਇਹ ਕਹਿਣਾ ਹੈ ਕਿ ਸੰਬੰਧਤ ਵਿਅਕਤੀ ਕਿਸੇ ਰੱਜੀ ਪੁੱਜੀ, ਖਾਂਦੀ ਪੀਂਦੀ, ਲੋਟੂ ਤੇ ਹਾਕਮ ਪਾਰਟੀ ਨਾਲ ਸੰਬੰਧ ਰਖਦਾ ਹੈ।"

ਮਾਰਕਸੀ ਪਾਰਟੀ ਨੇ 1970 ਵਿਚ ਸੂਬਿਆਂ ਲਈ ਵੱਧ ਅਧਿਕਾਰਾਂ ਦਾ ਚਿੱਠਾ ਤਿਆਰ ਕਰਕੇ ਸਾਰੀਆਂ ਪਾਰਟੀਆਂ ਤੇ ਸੂਬਿਆਂ ਨੂੰ ਭੇਜਿਆ। ਪੰਜਾਬ ਮਸਲੇ ਦੇ ਹੱਲ ਲਈ ਮਾਰਕਸੀ ਪਾਰਟੀ ਤੇ ਸੀ ਪੀ ਆਈ ਨੇ ਹੋਰਾਂ ਪਾਰਟੀਆਂ ਤੇ ਅਕਾਲੀ ਪਾਰਟੀ ਨੂੰ ਨਾਲ ਲੈ ਕੇ 1983-84 ਵਿਚ ਸਠੀ ਨਗਰ ਅਤੇ ਕਲਕੱਤਾ ਤੇ ਦਿੱਲੀ ਵਿਚ ਤਿੰਨ ਵੱਡੀਆਂ ਮੀਟਿੰਗਾਂ ਕਰਕੇ ਸੁਝਾਉ ਪੇਸ਼ ਕੀਤੇ ਫਿਰ ਕਾਂਗਰਸ ਮੰਨਕੇ ਮੁਕਰਦੀ ਰਹੀ ਅਤੇ ਆਖਰ ਰਾਜੀਵ ਤੇ ਸੰਤ ਲੌਂਗੋਵਾਲ ਸਮਝੌਤਾ ਭੀ ਉਹ ਹੀ ਸੀ ਜੋ ਇਹ ਸਭ ਪਾਰਟੀਆਂ ਆਖ ਰਹੀਆਂ ਸਨ। ਕਮਿਊਨਿਸਟਾਂ ਦੀ ਰਾਜਨੀਤੀ ਦੇਸ਼ ਦੀ ਅਖੰਡਤਾ ਤੇ ਆਜ਼ਾਦੀ ਅਤੇ ਲੋਕ ਭਰਾਤਰੀ ਭਾਵ ਨੂੰ ਕਾਇਮ ਰੱਖਣ ਦੀ ਅਤੇ ਲੁੱਟ ਖਸੁੱਟ ਖਤਮ ਕਰਨ ਦੀ ਹੈ। ਪਰ ਵੱਖਵਾਦੀ ਇਸ ਦੇ ਵਿਰੋਧ ਵਿਚ ਹਨ। ਸੋ ਜ਼ਰੂਰੀ ਬਣਦਾ ਹੈ ਕਿ ਦੇਸ਼ ਧਰੋਹੀਆਂ ਨੂੰ ਨਿਖੇੜਿਆ ਜਾਵੇ ਤੇ ਭਾਂਜ ਦਿੱਤੀ ਜਾਵੇ ਅਤੇ ਅਮਰੀਕਨ ਸਾਮਰਾਜ ਦੀਆਂ ਅਸਥਿਰ ਕਰਨ ਦੀਆਂ ਚਾਲਾਂ ਨੂੰ ਫੇਲ ਕੀਤਾ ਜਾਵੇ। ਅਸੀਂ ਪੰਜਾਬ ਦੇ ਸਿਆਸੀ ਮਸਲੇ ਨੂੰ ਧਰਮ ਨਾਲ ਰਲਗੱਡ ਨਹੀਂ ਕਰਨਾ ਚਾਹੁੰਦੇ ਅਤੇ ਨਾ ਹੀ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਲਈ ਵੱਖਵਾਦੀਆਂ ਤੇ ਅਤਿਵਾਦੀਆਂ ਨਾਲ ਕੋਈ ਸਮਝੌਤਾ ਦੇਸ਼ ਤੇ ਲੋਕਾਂ ਨਾਲ ਗੱਦਾਰੀ ਹੋਵੇਗੀ। ਸੋ ਖੱਬੇ ਲੋਕਾਂ ਨੇ ਦੋਵਾਂ ਫਰੰਟਾਂ ਤੇ ਲੜਾਈ ਦੇਣੀ ਹੈ। ਤੁਹਾਡਾ ਨਿਸ਼ਾਨਾ ਰਾਜੀਵ ਨੂੰ ਗੱਦੀ ਤੋਂ ਲਾਹੁਣਾ ਨਹੀਂ ਸਗੋਂ ਕਾਇਮ ਰਖਣ ਵਿਚ ਨਿਕਲਦਾ ਹੈ।

ਮਾਰਕਸੀ ਪਾਰਟੀ ਦਾ ਪ੍ਰੋਗਰਾਮ ਤਾਂ ਕਾਂਗਰਸ ਨੂੰ ਗੱਦੀ ਤੋਂ ਲਾਹੁਣ ਦਾ ਹੈ "ਇਥੋਂ ਤੱਕ ਕਿ ਸਾਮਰਾਜੀ ਅਜਾਰੇਦਾਰ ਸਰਮਾਏ ਨੂੰ ਜੜ੍ਹੋਂ ਪੁੱਟਣ ਅਤੇ ਸਾਡੀ ਖੇਤੀਬਾੜੀ ਉਪਰੋਂ ਜਗੀਰੂ, ਅਰਧ ਜਗੀਰੂ ਬੰਧਨਾਂ ਨੂੰ ਖਤਮ ਕਰਨ ਦਾ ਬੁਨਿਆਦੀ ਕਾਰਜ ਦੀ ਵੱਡੀ ਸਰਮਾਏਦਾਰੀ ਦੀ ਅਗਵਾਈ ਹੇਠਲੀ ਇਸ

ਸਰਮਾਏਦਾਰ ਜਾਗੀਰੂ ਸਰਕਾਰ ਨੂੰ ਗੱਦੀਓਂ ਲਾਹੇ ਬਗੈਰ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ।"

ਅੱਗੇ ਜਾ ਕੇ ਪੈਰਾ 101 ਵਿਚ ਲਿਖਿਆ ਹੈ, "ਲੋਕ ਜਮਹੂਰੀ ਮੁਹਾਜ ਦਾ ਧੁਰਾ ਤੇ ਆਧਾਰ ਮਜ਼ਦੂਰ ਜਮਾਤ ਤੇ ਕਿਸਾਨੀ ਦਾ ਦ੍ਰਿੜ ਏਕਾ ਹੈ। ਇਹ ਏਕਾ ਹੀ ਕੌਮੀ ਆਜ਼ਾਦੀ ਦੀ ਰਾਖ ਕਰਨ, ਦੂਰ ਰਸ ਜਮਹੂਰੀ ਪ੍ਰੀਵਰਤਨਾਂ ਨੂੰ ਨੇਪਰੇ ਚਾੜ੍ਹਨ ਅਤੇ ਸਰਬ ਪੱਖੀ ਸਮਾਜਕ ਪ੍ਰਗਤੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਸ਼ਕਤੀ ਹੈ।" ਸੋ ਖੱਬੇ ਪੱਖੀ ਲੋਕ ਕਾਂਗਰਸ ਵਿਰੁਧ ਅਤੇ ਨਾਲ ਹੀ ਗਦਾਰਾਂ ਤੇ ਵਖਵਾਦੀਆਂ ਵਿਰੁਧ ਲੜਾਈ ਦੇ ਰਹੇ ਹਨ। ਇਸ ਹੀ ਕਰਕੇ ਹਾਕਮ ਕਾਂਗਰਸ ਅਤੇ ਵੱਖਵਾਦੀ ਤੇ ਫਿਰਕੂ ਜਨੂੰਨੀਆਂ ਦਾ ਮੁਖ ਨਿਸ਼ਾਨਾ ਕਮਿਊਨਿਸਟ ਹਨ ਕਿਉਂਕਿ ਉਹ ਭਾਰਤੀ ਅਖੰਡਤਾ ਤੇ ਭਰਾਤਰੀ ਸਦ ਭਾਵਨਾ ਲਈ ਖੜ੍ਹਦੇ ਹਨ। ਅਜ ਦੇਸ਼ ਨੂੰ ਵੱਖਵਾਦੀ ਤੇ ਫਿਰਕੂ ਸ਼ਕਤੀਆਂ ਤੇ ਬਦੇਸ਼ੀ ਚਾਲਾਂ ਤੋਂ ਹੈ।

## ਚਾਨਣ ਦਾ ਦਰਿਆ

*ਪਿਆਰਾ ਸਿੰਘ ਸਹਿਰਾਈ*

ਧਰਤੀ ਕੁੱਖੋਂ ਸੂਰਜ ਜੰਮੇ
ਇਕ ਨਹੀਂ ਅੱਜ ਲੱਖਾਂ।
ਚਾਨਣ ਦਾ ਦਰਿਆ ਪਿਆ ਵਗਦਾ
ਹਰ ਪਾਸੇ ਮੈਂ ਤੱਕਾਂ।

—

ਗਗਨ ਅਸਾਡੇ ਚਾਨਣ ਚਾਨਣ
ਜੱਗ ਮੱਗ ਕਰਨ ਸਿਤਾਰੇ।
ਲਾਲ ਰੰਗ ਵਡਭਾਗੇ ਨੇ ਹਨ
ਰੰਗੇ ਰੰਕ-ਦੁਆਰੇ।

—

ਸੀਸ ਸਹੰਸਰ ਆਣ ਜੁੜੇ ਨੇ,
ਹੱਥ ਸਹੰਸਰ ਉੱਠੇ।
ਸੂਰਜ ਬਲੇ ਸਹੰਸਰ ਨੈਣੀਂ
ਅੱਜ ਮੈਂ ਅੱਖੀਂ ਡਿੱਠੇ।

ਘੁਪ ਹਨ੍ਹੇਰੇ ਵਿਚ ਜਗ ਪੈਂਦੇ
ਜਿੰਦਾਂ ਲੱਖਾਂ ਦੀਵੇ।
ਉਗ ਸਹੰਸਰ ਫੁੱਲ ਕਰ ਦੇਂਦੇ
ਵੀਰਾਨਾਂ ਨੂੰ ਖੀਵੇ।

ਕਰਦਾ ਵਕਤ ਸਲਾਮਾਂ ਝੁਕ ਕੇ
ਅਜ ਕਰਾਂਤੀ ਵਿਹੜੇ।
ਸਤਰੰਗੀਆਂ ਧਰਤੀ 'ਤੇ ਲੱਥੀਆਂ,
ਵਾਹ ਰੰਗਾਂ ਦੇ ਖੇੜੇ!

ਰੂਪ ਵਰਾਟ ਧਾਰਿਆ ਸ਼ਕਤੀ
ਅਖੁਟ, ਅਵੰਡ ਲੋਕਾਈ।
ਇਸ ਸ਼ਕਤੀ ਨੇ ਪੱਲੇ ਬੰਨ੍ਹੇ
ਹਕ, ਇਨਸਾਫ, ਸਚਾਈ।

ਅੱਗ ਚੜ੍ਹੇ ਨੇ ਸਾਣ ਇਰਾਦੇ,
ਵੰਗਾਰਨਗੇ ਹੋਣੀ।
ਕਾਗ ਅੱਗੇ ਹੀ ਅੱਗੇ ਚੜ੍ਹਨੀ
ਵੱਲ ਪਿਛਾਂਹ ਨਹੀਂ ਭੌਣੀ।

## ਸੂਰਜ ਕਦੋਂ ਰੁੱਕਦਾ ਹੈ?

*—ਅਮਰਦੀਪ ਗਿੱਲ*

"ਸਲੀਬਾਂ ਨੂੰ ਖੁਦ ਮੋਢਿਆਂ 'ਤੇ ਟੰਗ ਤੁਰੇ ਹਾਂ
ਪਰਚਮਾਂ ਨੂੰ ਆਪਣੇ ਲਹੂ ਨਾਲ ਰੰਗ ਤੁਰੇ ਹਾਂ।
ਹਨ੍ਹੇਰਿਆਂ ਨੇ ਬਹੁਤ ਰਾਹ ਰੋਕਿਆ ਹੈ ਸਾਡਾ
ਅਸੀਂ ਜਦ ਵੀ ਚਾਨਣ ਦੇ ਸੰਗ ਤੁਰੇ ਹਾਂ।"

—ਸੂਰਜ ਕਦੋਂ ਰੁੱਕਦਾ ਹੈ ਚੜਨੋਂ?
ਹੋ ਕੇ ਰਹੇਗਾ ਯਾਰੋ ਸਵੇਰਾ
ਇਹ ਹਾਲਾਤ ਤਾਂ ਪਰਖਦੇ ਨੇ
ਸਿਰਫ ਸਾਡੇ ਚਿਰਾਗਾਂ ਦਾ ਜੇਰਾ!

—ਅਸੀਂ ਜਦ ਤੁਰੇ ਹਾਂ ਸਾਥੀ!
ਮੰਜਿਲ 'ਤੇ ਵੀ ਪਹੁੰਚਾਂਗੇ ਜਰੂਰ,
ਕੁੱਲੀਆਂ 'ਚੋਂ ਜੋ ਉੱਠਣਗੇ ਕਾਫਲੇ
ਉਹੀ ਤੋੜਨਗੇ ਮਹਿਲਾਂ ਦਾ ਗਰੂਰ,
ਸਾਡੇ ਵੀ ਹੌਂਸਲੇ ਬੁਲੰਦ ਨੇ
ਭਾਵੇਂ ਹੋਵੇ ਰਾਹਾਂ ਵਿੱਚ ਹਨ੍ਹੇਰਾ,
ਸੂਰਜ ਕਦੋਂ ਰੁੱਕਦਾ ਹੈ......?

—ਅਸੀਂ "ਗੁਰਨਾਮ" ਦੇ ਹਾਂ ਵਾਰਿਸ
ਅਸੀਂ ਹਾਂ "ਦੀਪਕ" ਦੇ ਓਜਾਲੇ,
ਉਹ ਨੇ ਸਾਡਾ ਮਾਣ ਸਾਥੀਓ!
ਜਿੰਨਾਂ ਪੀਤੇ ਸ਼ਹਾਦਤ ਦੇ ਪਿਆਲੇ,
ਸ਼ਹੀਦਾਂ ਦੇ ਖੂਨ ਨਾਲ ਰੰਗਿਆ
ਝੁੱਲੇਗਾ ਹੋਰ ਉੱਚਾ ਲਾਲ ਫਰੇਰਾ,
ਸੂਰਜ ਕਦੋਂ ਰੁੱਕਦਾ ਹੈ...... ?

—ਅਸੀਂ ਜਵਾਨੀ ਦੇ ਅਸਲੀ ਅਰਥ
ਅਸੀਂ ਗਰਮ ਖੂਨ ਦੀ ਪਛਾਣ,
ਅਸੀਂ ਦੇਸ਼-ਭਗਤੀ ਦਾ ਜਜ਼ਬਾ
ਅਸੀਂ ਬਣਾਂਗੇ ਭਵਿੱਖ ਲਈ ਮਾਣ,
ਤਵਾਰੀਖ ਬੰਨ੍ਹੇਗੀ ਸਾਡੇ ਸਿਰ ਹੀ
ਦੇਸ਼ ਦੀ ਰਾਖੀ ਦਾ ਸਿਹਰਾ,
ਸੂਰਜ ਕਦੋਂ ਰੁੱਕਦਾ ਹੈ......?

—ਧਰਮਾਂ-ਜਾਤਾਂ ਦੇ ਨਾਂਅ 'ਤੇ
ਭਰਾਵਾਂ ਵਿੱਚ ਵੰਡ ਪਵਾਉਣ ਵਾਲਿਆ!
ਤ੍ਰਿਸ਼ੂਲ-ਤਲਵਾਰਾਂ ਵੰਡ-ਵੰਡ ਕੇ
ਮਨੁੱਖਤਾ ਦਾ ਖੂਨ ਕਰਵਾਉਣ ਵਾਲਿਆ!
ਮਿਟਾ ਦੇਵੇਗੀ ਲੋਕ-ਚੇਤਨਾ ਤੈਨੂੰ
ਨਾਮੋ-ਨਿਸ਼ਾਂ ਨਹੀਂ ਰਹਿਣਾ ਤੇਰਾ,
ਸੂਰਜ ਕਦੋਂ ਰੁੱਕਦਾ ਹੈ ਚੜਨੋਂ?
ਹੋ ਕੇ ਰਹੇਗਾ ਯਾਰੋ ਸਵੇਰਾ।


# ਸਿੰਘ ਫੂਡਜ਼

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੋਸਰੀ ਖਰੀਦਣ ਤੇ
ਸਪੈਸ਼ਲ ਡਿਸਕਾਊਂਟ ਹੋਵੇਗਾ

**SINGH FOODS**

6684 MAIN ST., (AT 51st. AVE.) VANCOUVER, B.C.

PH. 327-4911

# ਚੋਣ ਸੁਧਾਰਾਂ ਦੀ ਫੇਰ ਗੱਲ ਚੱਲੀ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਸਰਕਾਰ ਪਾਰਲੀਮੈਂਟ ਦੇ ਆਉਣ ਵਾਲੇ ਸੈਸ਼ਨ ਵਿਚ ਚੋਣ ਸੁਧਾਰਾਂ ਬਾਰੇ ਇਕ ਬਿਲ ਪੇਸ਼ ਕਰੇਗੀ। ਉਹਨਾਂ ਕਿਹਾ ਕਿ ਇਸ ਸਬੰਧ ਵਿਚ ਅਪੋਜ਼ੀਸ਼ਨ ਪਾਰਟੀਆਂ ਨਾਲ ਵੀ ਗੱਲਬਾਤ ਹੋ ਚੁੱਕੀ ਹੈ ਅਤੇ ਕਾਂਗਰਸ ਆਈ ਪਾਰਲੀਮਾਨੀ ਪਾਰਟੀ ਵੀ ਇਸ ਬਿਲ ਦੇ ਖਰੜੇ ਉੱਤੇ ਵਿਚਾਰ ਕਰ ਚੁਕੀ ਹੈ।

ਚੋਣ ਸੁਧਾਰਾਂ ਬਾਰੇ ਇਸ ਬਿਲ ਦਾ ਖਰੜਾ ਕੀ ਹੈ ਅਤੇ ਰਾਜੀਵ ਗਾਂਧੀ ਦੀ ਸਰਕਾਰ ਦਾ ਚੋਣ ਸੁਧਾਰਾਂ ਪਿੱਛੋਂ ਨਿਸ਼ਾਨਾ ਕੀ ਹੈ ਇਹ ਗੱਲ ਤਾਂ ਬਿਲ ਦਾ ਖਰੜਾ ਪਾਰਲੀਮੈਂਟ ਵਿਚ ਪੇਸ਼ ਹੋਣ ਸਮੇਂ ਸਾਹਮਣੇ ਆ ਜਾਵੇਗੀ ਪਰ ਇਕ ਗੱਲ ਬੜੀ ਸਪਸ਼ਟ ਹੈ ਕਿ ਸਾਡੇ ਦੇਸ਼ ਅੰਦਰ ਜਮਹੂਰੀ ਪ੍ਰਣਾਲੀ ਦੇ ਚਾਰ ਦਹਾਕਿਆਂ ਦੇ ਸਫਰ ਦੌਰਾਨ ਸਾਡੀ ਚੋਣ ਪਰਣਾਲੀ ਵਿਚ ਬਹੁਤ ਸਾਰੀਆਂ ਘਾਟਾਂ ਅਤੇ ਨੁਕਸ ਸਾਹਮਣੇ ਆਏ ਹਨ ਜਿਹੜੇ ਕਿ ਦੂਰ ਹੋਣੇ ਚਾਹੀਦੇ ਹਨ।

ਇਹ ਘਾਟਾਂ ਅਤੇ ਨੁਕਸ ਕੀ ਹਨ ਆਓ ਇਹਨਾਂ ਦੇ ਸਬੰਧ ਵਿਚ ਵੱਖ ਵੱਖ ਪਹਿਲੂਆਂ ਨੂੰ ਲਈਏ।

ਸਾਡੀ ਚੋਣ ਪਰਣਾਲੀ ਵਿਚ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਕੇਂਦਰ ਵਿਚ ਤਾਕਤ ਵਿਚ ਆਉਣ ਵਾਲੀ ਪਾਰਟੀ ਨੂੰ ਵੋਟਰਾਂ ਦਾ ਬਹੁ-ਮੱਤ ਕਦੇ ਵੀ ਪ੍ਰਾਪਤ ਨਹੀਂ ਹੋਇਆ, ਅਥਵਾਂ ਕੇਂਦਰ ਵਿਚ ਹਕੂਮਤ ਕਰਨ ਵਾਲੀ ਪਾਰਟੀ ਨੇ ਕਦੇ ਵੀ 50 ਫੀਸਦੀ ਵੋਟਾਂ ਪ੍ਰਾਪਤ ਨਹੀਂ ਕੀਤੀਆਂ। ਵੱਖ ਵੱਖ ਚੋਣਾਂ ਸਮੇਂ ਇਹ 35 ਫੀਸਦੀ ਤੋਂ ਲੈ ਕੇ 47 ਫੀਸਦੀ ਤਕ ਵੋਟਾਂ ਪ੍ਰਾਪਤ ਕਰਦੀ ਰਹੀ ਹੈ ਅਤੇ ਗੱਦੀ ਤੇ ਕਾਬਜ਼ ਹੋ ਜਾਂਦੀ ਰਹੀ ਹੈ। ਇਸ ਪਹਿਲੂ ਤੋਂ ਇਸ ਨੁਕਸ ਨੂੰ ਦੂਰ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਤਾਂ ਹੀ ਦੂਰ ਹੋ ਸਕਦਾ ਹੈ ਜੇ ਕਰ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਸਭਨਾਂ ਹੀ ਮਾਨਤਾ ਪ੍ਰਾਪਤ ਪਾਰਟੀਆਂ ਨੂੰ ਪੋਲ ਹੋਈਆਂ ਕੁਲ ਵੋਟਾਂ ਦੇ ਤਨਾਸਬ ਦੇ ਅਧਾਰ ਉੱਤੇ ਉਹਨਾਂ ਦੇ ਮੈਂਬਰ ਲਏ ਜਾਣ। ਅਥਵਾ ਤਨਾਸਬੀ ਪ੍ਰਤੀਨਿਧਤਾ ਦਾ ਸਿਸਟਮ ਚਾਲੂ ਕੀਤਾ ਜਾਵੇ।

● ਸਾਡੇ ਦੇਸ਼ ਅੰਦਰ 21 ਸਾਲ ਦੀ ਉਮਰ ਤੋਂ ਘੱਟ ਕੋਈ ਵੀ ਵਿਅਕਤੀ ਵੋਟਰ ਨਹੀਂ ਬਣ ਸਕਦਾ। ਇਸ ਦਾ ਅਰਥ ਇਹ ਹੈ ਕਿ ਵੱਡੀ ਗਿਣਤੀ ਵਿਚ ਵੋਟ ਦਾ ਹੱਕ ਰਖਦੇ ਨੌਜਵਾਨ ਵੋਟ ਨਹੀਂ ਪਾ ਸਕਦੇ। ਦੇਸ਼ ਦੀਆਂ ਬਹੁਤ ਸਾਰੀਆਂ ਨੌਜਵਾਨ ਜਥੇਬੰਦੀਆਂ ਇਹ ਮੰਗ ਕਰਦੀਆਂ ਚਲੀਆਂ ਆ ਰਹੀਆਂ ਹਨ ਕਿ ਵੋਟਰ ਦੀ ਉਮਰ 21 ਸਾਲ ਤੋਂ ਘਟਾਕੇ 18 ਸਾਲ ਕੀਤੀ ਜਾਵੇ। ਬੜਾ ਸਾਧਾਰਨ ਜੇਹਾ ਸੁਆਲ ਹੈ ਕਿ ਜੇ 18 ਸਾਲ ਦੀ ਉਮਰ ਵਾਲਾ ਵਿਅਕਤੀ ਬਾਲਗ ਗਿਣਿਆਂ ਜਾ ਸਕਦਾ ਹੈ ਅਤੇ ਜਾਇਦਾਦ ਆਦਿ ਸਾਂਭਣ ਦੇ ਯੋਗ ਸਮਝਿਆ ਜਾਂਦਾ ਹੈ ਤਾਂ ਫੇਰ ਉਸ ਨੂੰ ਵੋਟ ਦਾ ਅਧਿਕਾਰ ਕਿਉਂ ਨਹੀਂ ਹੈ ?

ਜਦੋਂ ਦੇਸ ਦੀ ਚੋਣ ਪਰਣਾਲੀ ਦਾ ਮਾਮਲਾ ਬਹਿਸ ਹੇਠ ਆਉਂਦਾ ਹੈ ਤਾਂ ਰਾਜਾਂ ਦੇ ਗਵਰਨਰਾਂ ਦਾ ਮਾਮਲਾ ਵੀ ਇਸ ਨਾਲ ਜੁੜ ਜਾਂਦਾ ਹੈ। ਇਹ ਆਮ ਹੀ ਹੁੰਦਾ ਹੈ ਕਿ ਰਾਜਾਂ ਦੇ ਵਧੇਰੇ ਗਵਰਨਰ ਉਹ ਵਿਅਕਤੀ ਨਿਯੁਕਤ ਕੀਤੇ ਜਾਂਦੇ ਹਨ ਜਿਹੜੇ ਕਿ ਹਾਕਮ ਪਾਰਟੀ ਨਾਲ ਸਬੰਧਤ ਸਿਆਸਤਦਾਨ ਹੁੰਦੇ ਹਨ। ਕੋਈ ਵੀ ਉਹ ਵਿਅਕਤੀ ਗਵਰਨਰ ਨਹੀਂ ਬਣਦਾ ਜਿਹੜਾ ਕਿ ਕੇਂਦਰ ਵਿਚ ਹਕੂਮਤ ਕਰਦੀ ਪਾਰਟੀ ਦਾ ਹੱਥ ਠੋਕਾ ਨਾ ਹੋਵੇ। ਇਸ ਤਰਾਂ ਗਵਰਨਰ ਕਈ ਅਹਿਮ ਮੌਕਿਆਂ ਉਤੇ ਹਾਕਮ ਪਾਰਟੀ ਦੀਆਂ ਸਰਕਾਰਾਂ ਸਥਾਪਤ ਕਰਨ ਵਿਚ ਮਦਦ ਕਰਦੇ ਹਨ (ਉਸ ਹਾਲਤ ਵਿਚ ਜਦੋਂ ਕਿ ਦੋਹਾਂ ਧਿਰਾਂ ਵਿਚ ਗਿਣਤੀ ਪੱਖੋਂ ਥੋੜਾ ਜੇਹਾ ਫਰਕ ਹੋਵੇ।

ਏਹੋ ਹੀ ਨਹੀਂ ਗਵਰਨਰ ਕਈ ਵਾਰ ਮਾੜੀ ਮੋਟੀ ਗੜਬੜ ਦਾ ਬਹਾਨਾ ਲਾਕੇ ਕੇਂਦਰ ਵਿਚ ਹਕੂਮਤ ਕਰ ਰਹੀ ਪਾਰਟੀ ਦੀਆਂ ਵਿਰੋਧੀ ਸਰਕਾਰਾਂ ਤੋੜਦੇ ਰਹੇ ਹਨ। ਇਸ ਸਬੰਧ ਵਿਚ ਪੰਜਾਬ, ਹਰਿਆਣਾ, ਕੇਰਲਾ, ਪੱਛਮੀ ਬੰਗਾਲ, ਆਂਧਰਾ ਆਦਿ ਰਾਜਾਂ ਦੀਆਂ ਬੜੀਆਂ ਹੀ ਉਘੀਆਂ ਮਿਸਾਲਾਂ ਸਾਡੇ ਸਾਹਮਣੇ ਹਨ।

ਆਂਧਰਾ ਦੀ ਰਾਮਾ ਰਾਓ ਦੀ ਸਰਕਾਰ ਭਾਰੀ-ਬਹੁਮਤ ਵਿਚ ਸੀ ਪਰ ਇਸ ਗੱਲ ਦੇ ਬਾਵਜੂਦ ਕੇਂਦਰ ਦੇ ਇਸ਼ਾਰੇ ਉੱਤੇ ਓਥੇ ਦੇ ਗਵਰਨਰ ਰਾਮ ਲਾਲ ਨੇ ਉਹ ਸਰਕਾਰ ਭੰਗ ਕਰ ਦਿੱਤੀ। ਇਸ ਧੱਕੇ-ਸ਼ਾਹੀ ਵਿਰੁੱਧ ਦੇਸ਼ ਭਰ ਵਿਚ ਕਾਫੀ ਰੌਲਾ ਪਿਆ। ਮੁੱਖ ਮੰਤਰੀ ਰਾਮਾ ਰਾਓ ਦੀ ਪਾਰਟੀ ਨੇ ਆਪਣੀ ਬਹੁ-ਸੰਮਤੀ ਦੀ ਗਵਰਨਰ ਅੱਗੇ ਪਰੇਡ ਕਰਵਾਈ। ਸਾਰੀਆਂ ਹੀ ਸਿਆਸੀ ਪਾਰਟੀਆਂ ਅਤੇ ਸਮੁੱਚੇ ਕੌਮੀ ਪ੍ਰੈਸ ਨੇ ਇਸ ਧੱਕੇਸ਼ਾਹੀ ਵਿਰੁੱਧ ਵਿਸ਼ਾਲ ਰੋਸ ਪ੍ਰਗਟ ਕੀਤਾ। ਕੇਂਦਰ ਦੇ ਇਸ ਧਕੜ-ਸ਼ਾਹ ਕਦਮ ਵਿਰੁੱਧ ਰੋਸ ਦੀ ਵਿਸ਼ਾਲ ਲਹਿਰ ਉਠੀ ਜਿਸ ਨੂੰ ਮੁੱਖ ਰਖਦਿਆਂ ਕੇਂਦਰ ਨੇ ਆਪਣਾ ਫੈਸਲਾ ਵਾਪਿਸ ਲੈ ਲਿਆ।

ਕਿਉਂ ਜੁ ਰਾਜਾਂ ਦੇ ਗਵਰਨਰ ਆਮ ਹੀ ਹਰ ਤਰਾਂ ਦੀਆਂ ਧੱਕੇਸ਼ਾਹੀਆਂ ਕਰਦੇ ਰਹਿੰਦੇ ਹਨ ਇਸ ਲਈ ਸਾਡੇ ਦੇਸ਼ ਦੀ ਜਮਹੂਰੀ ਪਰਣਾਲੀ ਤਹਿਤ ਗਵਰਨਰਾਂ ਦਾ ਅਹੁਦਾ ਬੜੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਕਿਸਮ ਦੇ ਸੁਝਾਅ ਵੀ ਕਈ ਹਲਕਿਆਂ ਵਲੋਂ ਆ ਰਹੇ ਹਨ ਕਿ ਜਦੋਂ ਆਮ ਚੋਣਾਂ ਹੋਣ ਤਾਂ ਗਵਰਨਰ ਦੀ ਵੀ ਨਾਲ ਹੀ ਬਾਕਾਇਦਾ

■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

6612 MAIN ST., VANCOUVER, B.C. V5X 3H2



**Tel. (604) 324-3336**

KLM

**AUTHORIZED AGENTS FOR AIR INDIA**

AND NOW WE ARE AUTHORISED

**K.L.M.** (ROYAL DUTCH AIRLINES)

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**ਗੁਰੂ ਨਾਨਕ ਟਰੈਵਲ**
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

TOLL FREE NO.
B. C. & ALBERTA
1—800 663 6696

**GABA TRAVELS**
(Opposit Friends Theatre)
JALLANDHAR CITY
TEL. 74597

**GABA TRAVELS**
V.P.O. NURMAHAL
JALLANDHAR
TEL. 49

**GABA TRAVELS**
NEW DELHI

ਚੋਣ ਹਦ ਇਸ ਸਬੰਧ ਵਿਚ ਕੋਈ ਯੋਗ ਵਿਧੀ ਤਿਆਰ ਕਰ ਲਈ ਜਾਵੇ।

ਇਹ ਮੰਗ ਵੀ ਉਠ ਈ ਜਾ ਰਹੀ ਹੈ ਕਿ ਗਵਰਨਰ ਦਾ ਅਹੁਦਾ ਹੀ ਖਤਮ ਕਰ ਦਿੱਤਾ ਜਾਵੇ ਅਤੇ ਰਾਜਾਂ ਤੇ ਕੇਂਦਰ ਵਿਚਕਾਰ ਤਾਲ-ਮੇਲ ਲਈ ਕੋਈ ਹੋਰ ਵਿਧੀ ਤਿਆਰ ਕੀਤੀ ਜਾਵੇ।

ਗਵਰਨਰ ਦੇ ਅਹੁਦੇ ਦੇ ਹਾਕਮ ਪਾਰਟੀ ਵਲੋਂ ਦੁਰਉਪਯੋਗ ਤੋਂ ਬਿਨਾਂ ਇਹ ਰਾਜਾਂ ਦੇ ਖਜ਼ਾਨੇ ਉੱਤੇ ਵੀ ਵੱਡਾ ਭਾਰ ਹੈ। ਇਸ ਪਹਿਲੂ ਤੋਂ ਵੀ ਇਸ ਅਹੁਦੇ ਨੂੰ ਖਤਮ ਕਰਨ ਬਾਰੇ ਸੋਚਣਾ ਚਾਹੀਦਾ ਹੈ।

ਚੋਣ ਸੁਧਾਰਾਂ ਦੇ ਮਾਮਲੇ ਸਬੰਧੀ ਹੀ ਇਕ ਹੋਰ ਪਹਿਲੂ ਇਹ ਵੀ ਹੈ ਕਿ ਜਿਹੜਾ ਚੋਣ ਕਮਿਸ਼ਨ ਬਣਾਇਆ ਜਾਂਦਾ ਹੈ ਉਹ ਨਿਰੋਲ ਹਾਕਮ ਪਾਰਟੀ ਦਾ ਹੱਥ-ਠੋਕਾ ਨਾ ਹੋਵੇ। ਇਸ ਸਬੰਧ ਵਿਚ ਯੋਗ ਵਿਅਕਤੀ ਸੁਪਰੀਮ ਕੋਰਟ ਦੇ ਰਿਟਾਇਰ ਹੋਏ ਜੱਜਾਂ ਵਿਚੋਂ ਲਏ ਜਾ ਸਕਦੇ ਹਨ। ਇਸਤੋਂ ਬਿਨਾਂ ਮੁੱਖ ਚੋਣ ਕਮਿਸ਼ਨਰ ਕੇਵਲ ਇਕ ਵਿਅਕਤੀ ਦਾ ਨਹੀਂ ਸਗੋਂ ਇਸ ਵਿਚ ਪੰਜ ਮੈਂਬਰ ਹੋਣੇ ਚਾਹੀਦੇ ਹਨ ਅਤੇ ਫੈਸਲਾ ਬਹੁ-ਮਤ ਰਾਹੀਂ ਹੋਣਾ ਚਾਹੀਦਾ ਹੈ।

ਚੋਣ ਸੁਧਾਰਾਂ ਦੇ ਸਬੰਧ ਵਿਚ ਧਨ ਦਾ ਮਾਮਲਾ ਵੀ ਬੜਾ ਉਭਰਵਾਂ ਹੈ। ਇਹ ਆਮ ਹੀ ਹੁੰਦਾ ਹੈ ਕਿ ਹਾਕਮ ਪਾਰਟੀ ਵੋਟਰਾਂ ਨੂੰ ਖਰੀਦਣ ਲਈ ਜਾਂ ਆਪਣੇ ਪ੍ਰਭਾਵ ਹੇਠ ਲਿਆਉਣ ਲਈ ਇਕ ਤਾਂ ਪੈਸੇ ਚਾੜ੍ਹਦੀ ਹੈ ਅਤੇ ਦੂਸਰੇ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹਾਕਮ ਪਾਰਟੀ ਆਮ ਲੋਕਾਂ ਨੂੰ ਬਹੁਤ ਸਾਰੀਆਂ ਰਿਆਇਤਾਂ ਦਿੰਦੀ ਹੈ ਜਿਵੇਂ ਕਿ ਪਿਛਲੇ ਸਾਲ ਹਰਿਆਣੇ ਦੀਆਂ ਚੋਣਾਂ ਸਮੇਂ ਇਹ ਗੱਲ ਵੇਖੀ ਗਈ ਕਿ ਲੋਕਾਂ ਨੂੰ ਬੇ-ਬਹਾ ਰਿਆਇਤਾਂ ਦਿਤੀਆਂ ਗਈਆਂ।

ਇਸ ਤਰਾਂ ਦੀ ਪਰਵਿਰਤੀ ਨੂੰ ਰੋਕਣ ਲਈ ਇਹ ਗੱਲ ਜ਼ਰੂਰੀ ਹੈ ਕਿ ਚੋਣਾਂ ਤੋਂ ਘਟੋ ਘੱਟੋ ਘਟ ਇਕ ਸਾਲ ਪਹਿਲਾਂ ਕੋਈ ਵੀ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਲੋਕਾਂ ਨੂੰ ਜਾਂ ਸਰਕਾਰੀ ਮੁਲਾਜ਼ਮਾਂ ਨੂੰ ਕੋਈ ਵੱਡੀ ਰਾਹਤ ਨਾ ਦੇਵੇ।

ਚੋਣ ਸੁਧਾਰਾਂ ਦੇ ਸਬੰਧ ਵਿਚ ਇਸ ਤਰਾਂ ਦੀ ਵਿਵਸਥਾ ਵੀ ਕਰਨੀ ਚਾਹੀਦੀ ਹੈ ਕਿ ਚੋਣਾਂ ਸਮੇਂ ਹਾਕਮ ਪਾਰਟੀ ਸਰਕਾਰੀ ਗਡੀਆਂ ਅਤੇ ਹੋਰ ਸਰਕਾਰੀ ਵਸੀਲਿਆਂ ਦੀ ਵਰਤੋਂ ਨਾ ਕਰ ਸਕੇ।

ਸਾਡੇ ਦੇਸ਼ ਵਿਚ ਜਿਸ ਤਰਾਂ ਚੋਣਾਂ ਹੁੰਦੀਆਂ ਹਨ ਉਹਨਾਂ ਨੂੰ ਮੁੱਖ ਰਖਦਿਆਂ ਉਮੀਦਵਾਰ ਭਾਰੀ ਖਰਚੇ ਕਰਦੇ ਹਨ। ਭਾਵੇਂ ਚੋਣ ਨੇਮਾਂ ਅਨੁਸਾਰ ਖਰਚਿਆਂ ਦੀ ਹੱਦ ਨੀਯਤ ਹੁੰਦੀ ਹੈ ਪਰ ਇਹ ਸਾਰਾ ਕੁਝ ਐਵੇਂ ਛਲਾਵਾ ਜੇਹਾ ਹੀ ਹੈ।

ਇਸ ਪੱਖ ਤੋਂ ਇਕ ਤਾਂ ਇਸ ਸੇਧ ਵਿਚ ਕੋਈ ਰੋਕ ਲਗਣੀ ਚਾਹੀਦੀ ਹੈ ਕਿ ਚੋਣਾਂ ਵਿਚ ਧਨ ਦੀ ਵਰਤੋਂ ਨਾ ਹੋਵੇ ਤੇ ਦੂਸਰੇ ਚੋਣਾਂ ਦੇ ਲੋੜੀਂਦੇ ਖਰਚੇ ਸਰਕਾਰ ਨੂੰ ਦੇਣੇ ਚਾਹੀਦੇ ਹਨ।

ਚੋਣਾਂ ਦੇ ਮੌਕੇ ਉੱਤੇ ਸਭਨਾਂ ਹੀ ਸਿਆਸੀ ਪਾਰਟੀਆਂ ਨੂੰ ਰੇਡੀਓ ਅਤੇ ਟੀ. ਵੀ. ਤੋਂ ਆਪੋ ਆਪਣਾ ਪੱਖ ਵੋਟਰਾਂ ਸਾਹਮਣੇ ਪੇਸ਼ ਕਰਨ ਲਈ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਇਸ ਤੋਂ ਬਿਨਾਂ ਚੋਣ ਰੈਲੀਆਂ ਆਦਿ ਦੀਆਂ ਖਬਰਾਂ ਦੇਣ ਸਮੇਂ ਵੀ ਸਭਨਾਂ ਹੀ ਪਾਰਟੀਆਂ ਦੇ ਆਗੂਆਂ ਨੂੰ ਇਕੋ ਜੇਹਾ ਵਕਫਾ ਮਿਲਣਾ ਚਾਹੀਦਾ ਹੈ।

ਚੋਣ ਸੁਧਾਰਾਂ ਦੇ ਸਬੰਧ ਵਿਚ ਕੋਈ ਵੀ ਖਰੜਾ ਤਿਆਰ ਕਰਨ ਲਈ ਇਕ ਸਰਬ ਪਾਰਟੀ ਕਮੇਟੀ ਬਣਨੀ ਚਾਹੀਦੀ ਹੈ ਅਤੇ ਇਸ ਸਬੰਧ ਵਿਚ ਸਮੇਂ ਸਮੇਂ ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਚੋਣ ਸੁਧਾਰਾਂ ਦੇ ਸਬੰਧ ਵਿਚ ਪੇਸ਼ ਕੀਤੇ ਗਏ ਸੁਝਾਵਾਂ ਉਤੇ ਗੌਰ ਕਰਨਾ ਚਾਹੀਦਾ ਹੈ।

ਸੰਖੇਪ ਵਿਚ ਸਾਡੀ ਮੌਜੂਦਾ ਚੋਣ ਪਰਣਾਲੀ ਵਿਚ ਬਹੁਤ ਸਾਰੇ ਨੁਕਸ ਹਨ ਅਤੇ ਇਹ ਦੂਰ ਹੋਣੇ ਚਾਹੀਦੇ ਹਨ। ਇਸ ਤੋਂ ਬਿਨਾ ਕੁਝ ਹੋਰ ਵਾਧੇ ਵੀ ਕਰਨੇ ਚਾਹੀਦੇ ਹਨ। ਇਹ ਸਾਰੀਆਂ ਸੋਧਾਂ ਇਸ ਸੇਧ ਵਿਚ ਹੋਣੀਆਂ ਚਾਹੀਦੀਆਂ ਹਨ ਕਿ ਇਕ ਤਾਂ ਵੋਟਰ ਬਿਨਾ ਕਿਸੇ ਡਰ-ਡੁੱਕਰ ਦੇ ਆਪਣੀ ਇੱਛਾ ਦਾ ਪ੍ਰਗਟਾਵਾ ਕਰ ਸਕਣ ਅਤੇ ਦੂਸਰੇ ਕੋਈ ਵੀ ਪਾਰਟੀ ਘਟ-ਗਿਣਤੀ ਵੋਟਾਂ ਪ੍ਰਾਪਤ ਕਰਕੇ ਰਾਜ ਭਾਗ ਨਾ ਸੰਭਾਲ ਸਕੇ।

ਜਦੋਂ ਚੋਣ ਸੁਧਾਰਾਂ ਦੀ ਗੱਲ ਦੇਸ਼ ਉੱਤੇ ਹਕੂਮਤ ਕਰ ਰਹੀ ਪਾਰਟੀ ਵਲੋਂ ਤੁਰੀ ਹੈ ਤਾਂ ਇਸ ਗੱਲ ਦਾ ਭਾਰੀ ਖਤਰਾ ਹੈ ਕਿ ਇਹ ਮੌਜੂਦਾ ਚੋਣ ਪਰਣਾਲੀ ਨੂੰ ਇਸ ਢੰਗ ਨਾਲ ਸੋਧੇਗੀ ਕਿ ਇਸ ਦੀ ਜਕੜ ਹੋਰ ਪੱਕੀ ਹੋਵੇ। ਦੇਸ ਦੇ ਲੋਕਾਂ ਨੂੰ ਛੇਤੀ ਹੀ ਇਸ ਗੱਲ ਦਾ ਪਤਾ ਲਗ ਜਾਵੇਗਾ ਕਿ ਆ ਇਆ ਹਕੀਕੀ ਚੋਣ ਸੁਧਾਰ ਹੋ ਰਹੇ ਹਨ ਜਾਂ ਰਹਿੰਦੀ ਕਸਰ ਵੀ ਕੱਢ ਦਿਤੀ ਜਾਵੇਗੀ।

---

# ਸਵਾਲਾਂ ਦੀਆਂ ਪੈੜਾਂ

## ਰਾਜਵਿੰਦਰ ਸਿੱਧੂ

ਇਹ ਕੇਹਾ ਵੇਲਾ ਆ ਗਿਆ ਯਾਰੋ !
ਕਿ ਰਾਤਾਂ ਦਿਨੇ ਕਤਲ ਹੋਏ ਪਲਾਂ ਦਾ ਹਿਸਾਬ ਲਕੋਕੇ
ਸੋਚ ਦਾ ਮੂੰਹ ਚਿੜਾਉਂਦੀਆਂ ਹੋਈਆਂ,
ਹਰ ਸਵੇਰ ਕੰਧਾਂ ਤੇ ਇਸ਼ਤਿਹਾਰ ਬਣ ਜਾਂਦੀਆਂ ਨੇ
ਇਹ ਕੇਹਾ ਵਕਤ ਹੈ ਯਾਰੋ ਕਿ ਘਰ ਪਰਤਦਿਆਂ ਦੇ
ਮਾਵਾਂ ਸਿਰ ਟੋਹ-ਟੋਹ ਵੇਖਦੀਆਂ ਨੇ—
ਕਿ ਸਹੀ ਸਲਾਮਤ ਨੇ, ਅਤੇ ਘਰੋਂ ਨਿਕਲਦਿਆਂ ਨੂੰ
ਛੇਤੀ ਮੁੜਨ ਲਈ ਕਹਿੰਦੀਆਂ ਨੇ, ਉਦੋਂ ਉਨ੍ਹਾਂ ਦੀਆਂ—
ਨਜ਼ਰਾਂ 'ਚ ਮੱਚਦੇ ਸੰਸਿਆਂ ਦਾ ਸੇਕ, ਅਕਸਰ
ਸਾਡੀ ਕੰਡ ਨੂੰ ਲੱਗਦਾ ਹੈ।
ਇਸ ਜਰਖੇਜ਼ ਮਿੱਟੀ 'ਚ ਖੋਪੜੀਆਂ ਬੀਜ ਕੇ—
ਆਥਣ ਵੇਲੇ ਖੂਹਾਂ ਖੁੰਢਾਂ ਤੇ ਬੈਠੇ ਲੋਕ ਇੱਕ ਦੂਜੇ ਤੋਂ—
ਪੁੱਛਦੇ ਨੇ ਕਿ ਅੱਜ ਮਨੁੱਖਤਾ ਦਾ ਖੂਨ
ਕਿਸ ਦੇ ਖੇਤ 'ਚ ਟੁੱਟ ਗਿਆ ?
ਇਹ ਕੈਸੀ ਜਵਾਨੀ ਹੈ ਜੋ ਦਿਮਾਗ 'ਚ ਜੋਸ਼
ਜਿਹਨ 'ਚ ਜਨੂੰਨੀ ਸਫ਼ਿਆਦ ਲਈ, ਸਿਰਾਂ ਦੀ ਥਾਂ
ਪੱਗਾਂ ਤਲੀ ਤੇ ਧਰਕੇ ਆਪਣੇ ਆਪ ਵੱਲ ਪਿੱਠ ਕਰਕੇ
ਚੱਲਣ ਦੇ ਯਤਨ ਕਰਦੀ ਹੈ
ਇਹ ਕਿਹੜੀ ਸਾਹਿਬਾਂ ਦੀ ਦੁਆ
ਕਿਹੜੇ ਖੁਦਾ ਨੇ ਕਬੂਲ ਲਈ ਯਾਰੋ।
ਕਿ ਗਲੀਆਂ ਸੁੰਨੀਆਂ-ਸੁੰਞੀਆਂ ਹੋ ਗਈਆਂ
ਪਰ ਵਿਚ ਮਿਰਜ਼ੇ ਦੀ ਥਾਂ ਸੀ. ਆਰ. ਪੀ ਦੀਆਂ
ਗਾਰਦਾਂ ਘੁੰਮਦੀਆਂ ਨੇ,
ਇਹ ਕੇਹਾ ਵਕਤ ਹੈ ਯਾਰੋ
ਕਿ ਜ਼ਿੰਦਗੀ ਮੌਤ ਨੂੰ ਅਤੇ ਮੌਤ ਜ਼ਿੰਦਗੀ ਨੂੰ ਟਿੱਚਰਾਂ ਕਰਦੀ ਹੈ।

# ਭਾਰਤ ਵਿਰੁੱਧ ਸਾਮਰਾਜੀ ਸਾਜ਼ਿਸ਼ਾਂ

ਜੇ ਦੇਸ ਦੀ ਆਜ਼ਾਦੀ ਤੋਂ ਪਿਛੋਂ ਹੁਣ ਤਕ ਦੇ ਇਤਿਹਾਸ ਉੱਤੇ ਝਾਤ ਪਾਈ ਜਾਵੇ ਤਾਂ ਇਹ ਗਲ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਅਮਰੀਕਾ, ਬਰਤਾਨੀਆਂ ਅਤੇ ਹੋਰ ਸਾਮਰਾਜੀ ਦੇਸਾਂ ਦਾ ਰੋਲ ਲਗਾਤਾਰ ਭਾਰਤ ਵਿਰੋਧੀ ਰਿਹਾ ਹੈ।

ਦੇਸ ਦੀ ਆਜ਼ਾਦੀ ਤੋਂ ਇਕ ਸਾਲ ਪਿਛੋਂ ਕਸ਼ਮੀਰ ਵਿਚ ਪਾਕਿਸਤਾਨ ਨੇ ਹਮਲਾ ਕਰ ਦਿੱਤਾ ਅਤੇ ਇਹ ਰੇੜਕਾ ਕਾਫੀ ਲੰਮਾ ਹੋ ਗਿਆ। ਭਾਰਤ ਨੇ ਵੀ ਮੋੜਵੀਂ ਕਾਰਵਾਈ ਕੀਤੀ। ਅੰਤ ਇਤਿਹਾਦੀ ਸਭਾ ਨੇ ਦਖਲ-ਅੰਦਾਜ਼ੀ ਕਰਕੇ ਜੰਗ-ਬੰਦੀ ਕਰਵਾ ਦਿੱਤੀ।

ਅਮਰੀਕਾ ਤੇ ਬਰਤਾਨੀਆਂ ਦੀ ਇਹ ਕੋਸ਼ਿਸ਼ ਰਹੀ ਕਿ ਕਸ਼ਮੀਰ ਦੇ ਸੁਆਲ 'ਤੇ ਦੋਵੇਂ ਦੇਸ ਝਗੜਦੇ ਰਹਿਣ ਅਤੇ ਜਿਹਨਾਂ ਵਿਚ ਜੰਗ ਛਿੜੇ। ਇਸ ਤੋਂ ਬਿਨਾਂ ਕਸ਼ਮੀਰ ਦੇ ਸਬੰਧ ਵਿਚ ਸਾਰੇ ਹੀ ਪੱਛਮੀ ਦੇਸ ਪਾਕਿਸਤਾਨ ਦੀਆਂ ਪੁਜ਼ੀਸ਼ਨਾਂ ਦਾ ਪੱਖ ਪੂਰਦੇ ਰਹੇ ਅਤੇ ਹੁਣ ਵੀ ਪੂਰ ਰਹੇ ਹਨ।

ਦੂਜੇ ਪਾਸੇ ਸੋਵੀਅਤ ਯੂਨੀਅਨ ਅਤੇ ਹੋਰ ਸੋਸ਼ਲਿਸਟ ਦੇਸਾਂ ਨੇ ਸਦਾ ਹੀ ਕਸ਼ਮੀਰ ਦੇ ਸੁਆਲ ਉੱਤੇ ਅਸੂਲੀ ਪਹੁੰਚਾਂ ਲਈਆਂ ਹਨ ਅਤੇ ਇਹ ਗਲ ਡਟਕੇ ਆਖੀ ਹੈ ਕਿ ਕਸ਼ਮੀਰ ਭਾਰਤ ਦਾ ਅਨਿਖੜਵਾਂ ਅੰਗ ਹੈ।

ਜਦੋਂ ਪਾਕਿਸਤਾਨ ਵਿਚ 1958 ਵਿਚ ਮਾੜੀ ਮੋਟੀ ਜਮਹੂਰੀਅਤ ਦਾ ਵੀ ਭੋਗ ਪੈ ਗਿਆ ਅਤੇ ਫੌਜੀ ਡਿਕਟੇਟਰ ਅਯੂਬ ਨੇ ਤਾਕਤ ਸੰਭਾਲ ਲਈ ਤਾਂ ਉਸ ਨੇ ਆਪਣੀ ਗੱਦੀ ਨੂੰ ਮਜ਼ਬੂਤ ਬਨਾਉਣ ਲਈ ਕਸ਼ਮੀਰ ਦੇ ਸੁਆਲ ਨੂੰ ਜ਼ੋਰਦਾਰ ਢੰਗ ਨਾਲ ਉਠਾਦਿਆ। ਇਹ ਦੁਹਾਈ ਉਚੀ ਕੀਤੀ ਰਖੀ ਕਿ ਕਸ਼ਮੀਰ ਪਾਕਿਸਤਾਨ ਦਾ ਹਿੱਸਾ ਹੈ ਅਤੇ ਭਾਰਤ ਨੇ ਇਸ ਖੇਤਰ ਉੱਤੇ ਜਬਰੀ ਕਬਜ਼ਾ ਕਰ ਰਖਿਆ ਹੈ।

ਅੰਤ ਉਸ ਨੇ 1965 ਵਿਚ ਪਹਿਲਾਂ ਕਸ਼ਮੀਰ ਵਿਚ ਘੁਸ-ਪੈਠੀਏ ਭੇਜ ਦਿੱਤੇ ਅਤੇ ਫੇਰ ਵੱਡਾ ਹਮਲਾ ਕਰ ਦਿੱਤਾ। ਇਸ ਹਮਲੇ ਨੂੰ ਪਿਛਾੜਨ ਲਈ ਭਾਰਤ ਨੇ ਜੁਆਬੀ ਕਾਰਵਾਈ ਕੀਤੀ ਅਤੇ ਸਿੱਟੇ ਵਜੋਂ ਦੋਹਾਂ ਦੇਸਾਂ ਵਿਚਕਾਰ ਵੱਡੀ ਜੰਗ ਛਿੜ ਗਈ।

ਅਮਰੀਕਾ, ਬਰਤਾਨੀਆ ਅਤੇ ਹੋਰ ਪੱਛਮੀ ਦੇਸ ਇਸ ਪਾਲਸੀ ਤਹਿਤ ਚਾਲਾਂ ਚਲ ਰਹੇ ਸਨ ਕਿ ਲੜਾਈ ਜਾਰੀ ਰਹੇ ਤਾਂ ਜੋ ਦੋਵੇਂ ਨਵ-ਆਜ਼ਾਦ ਦੇਸ ਤਬਾਹ ਹੋ ਜਾਣ ਅਤੇ ਫੇਰ ਸਾਮਰਾਜੀ ਦੇਸਾਂ ਨੂੰ ਇਹਨਾਂ ਅੰਦਰ ਦਖਲ-ਅੰਦਾਜ਼ੀ ਕਰਨ, ਇਹਨਾਂ ਉੱਤੇ ਕਾਠੀ ਪਾਉਣ ਦਾ ਚੰਗਾ ਮੌਕਾ ਮਿਲੇ।

ਦੂਜੇ ਬੰਨੇ ਸੋਵੀਅਤ ਯੂਨੀਅਨ ਸਾਮਰਾਜੀ ਦੇਸ਼ਾਂ-ਅਮਰੀਕਾ ਅਤੇ ਬਰਤਾਨੀਆਂ ਆਦਿ—ਦੀਆਂ ਚਾਲਾਂ ਨੂੰ ਚੰਗੀ ਤਰਾਂ ਸਮਝਦਾ ਸੀ। ਉਸਨੇ ਦੋਹਾਂ ਦੇਸ਼ਾਂ ਵਿਚਕਾਰ ਚਲ ਰਹੀ ਲੜਾਈ ਦੌਰਾਨ ਆਪਣੀਆਂ ਸਿਫਾਰਤੀ ਸਰਗਰਮੀਆਂ ਰਾਹੀਂ ਦੋਹਾਂ ਦੇਸ਼ਾਂ ਨੂੰ ਜੰਗ ਨਾ ਕਰਨ ਲਈ ਮਨਾ ਲਿਆ। ਜਦੋਂ ਦੋਹਾਂ ਹੀ ਦੇਸ਼ਾਂ ਦੇ ਨੇਤਾਵਾਂ ਵਿਚਕਾਰ ਤਾਸ਼ਕੰਦ ਵਿਖੇ ਜੰਗਬੰਦੀ ਸੰਧੀ ਦਾ ਐਲਾਨ ਹੋ ਗਿਆ ਤਾਂ ਇਸ ਨਾਲ ਸਾਮਰਾਜੀ ਹਲਕਿਆਂ ਵਿਚ ਮਾਤਮ ਛਾ ਗਿਆ। ਉਹਨਾਂ ਦੀਆਂ ਸੱਭੇ ਹੀ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ।

ਇਸ ਤੋਂ ਪਿਛੋਂ ਹੋਰ ਕਈ ਅਜਿਹੀਆਂ ਘਟਨਾਵਾਂ ਹੋਈਆਂ ਜਿੰਨਾਂ ਵਿਚ ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ ਭਾਰਤ ਦੀ ਵਿਰੋਧਤਾ ਕਰਦੇ ਰਹੇ।

ਬੰਗਲਾ ਦੇਸ਼ ਦੇ ਆਜ਼ਾਦੀ ਸੰਗਰਾਮ ਸਮੇਂ ਤਾਂ ਅਮਰੀਕਾ ਨੇ ਭਾਰਤ ਨੂੰ ਸਬਕ ਸਿਖਾਉਣ ਲਈ ਆਪਣਾ ਸੱਤਵਾਂ ਬੇੜਾ ਬੰਗਾਲ ਦੀ ਖਾੜੀ ਵੱਲ ਠੇਲ੍ਹ ਦਿਤਾ ਸੀ। ਉਸ ਸਮੇਂ ਅਮਰੀਕਾ ਵਲੋਂ ਉਤਪੰਨ ਹੋਈ ਧਮਕੀ ਨੂੰ ਮੁਖ ਰਖਦਿਆਂ ਸੋਵੀਅਤ ਯੂਨੀਅਨ ਭਾਰਤ ਦੀ ਡਟਕੇ ਮਦਦ ਲਈ ਬਹੁੜਿਆ ਸੀ ਅਤੇ ਇਸ ਧਮਕੀ ਦੇ ਪਿਛੋਕੜ ਵਿਚ ਹੀ ਭਾਰਤ ਅਤੇ ਸੋਵੀਅਤ ਯੂਨੀਅਨ ਵਿਚਕਾਰ 'ਅਮਨ, ਦੋਸਤੀ ਅਤੇ ਮਿਲਵਰਤੋਂ' ਦੀ ਇਤਿਹਾਸਕ ਸੰਧੀ ਹੋਈ ਸੀ।

ਅਮਰੀਕੀ ਸਾਮਰਾਜ ਅਤੇ ਹੋਰ ਸਾਮਰਾਜੀ ਦੇਸ਼ਾਂ ਦੇ ਭਾਰਤ ਵਿਰੋਧੀ ਰੋਲ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ।

● ਜਦੋਂ ਪੰਜਾਬ ਅੰਦਰ 1981 ਵਿਚ ਲਗੇ ਅਕਾਲੀ ਮੋਰਚੇ ਸਮੇਂ ਅਮਰੀਕੀ ਸਾਮਰਾਜ ਨੇ ਆਪਣੀਆਂ ਏਜੰਸੀਆਂ ਰਾਹੀਂ ਪੰਜਾਬ ਅੰਦਰ ਦਖਲ ਅੰਦਾਜ਼ੀ ਸ਼ੁਰੂ ਕੀਤੀ ਅਤੇ ਇਸ ਦੇ ਸਿਟੇ ਵਜੋਂ ਸੂਬੇ ਅੰਦਰ ਭਿੰਡਰਾਂਵਾਲਾ ਦੀ ਅਗਵਾਈ ਵਿਚ ਅੱਤਵਾਦੀ ਲਹਿਰ ਆਰੰਭ ਹੋ ਗਈ ਸੀ ਅਤੇ ਨਾਲ ਹੀ ਇਸ ਲਹਿਰ ਦਾ ਪਾਕਿਸਤਾਨ ਨਾਲ ਵੀ ਸੰਪਰਕ ਸਥਾਪਤ ਹੋ ਗਿਆ ਸੀ ਤਾਂ ਉਸ ਸਮੇਂ ਹੀ ਸੋਵੀਅਤ ਯੂਨੀਅਨ ਦੇ ਪ੍ਰੈਸ ਵਿਚ ਇਹ ਖਬਰਾਂ ਛਪੀਆਂ ਸਨ ਕਿ ਪੰਜਾਬ ਦੀ ਅੱਤਵਾਦੀ ਅਤੇ ਬੁਨਿਆਦ ਪ੍ਰਸਤੀ ਦੀ ਲਹਿਰ ਨੂੰ ਅਮਰੀਕੀ ਏਜੰਸੀ ਸੀ.ਆਈ.ਏ. ਅਗਵਾਈ ਦੇ ਰਹੀ ਹੈ ਅਤੇ ਇਸ ਮੰਤਵ ਦੀ ਪੂਰਤੀ ਲਈ ਪਾਕਿਸਤਾਨ ਨੂੰ ਇਕ ਪੜੁੱਲ ਵਜੋਂ ਵਰਤਿਆ ਜਾ ਰਿਹਾ ਹੈ।

ਉਦੋਂ ਭਾਵੇਂ ਬਹੁਤ ਸਾਰੇ ਹਲਕੇ ਸੋਵੀਅਤ ਯੂਨੀਅਨ ਦੇ ਇਸ ਇੰਕਸ਼ਾਫ ਉਤੇ ਯਕੀਨ ਨਹੀਂ ਸਨ ਕਰ ਰਹੇ ਪਰ ਹੁਣ ਜਿਹੜੇ ਵੀ ਤੱਥ ਅਮਰੀਕਾ ਅਤੇ ਹੋਰ ਸਾਮਰਾਜੀ ਦੇਸ਼ਾਂ ਵਲੋਂ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਦੀ ਮਦਦ ਕਰਨ ਦੇ ਸਬੰਧ ਵਿਚ ਸਾਹਮਣੇ ਆਏ ਹਨ ਉਹ ਇਸ ਗਲ ਦੀ ਹੀ ਪੁਸ਼ਟੀ ਕਰਦੇ ਹਨ ਕਿ ਜੋ ਕੁਝ ਸੋਵੀਅਤ ਯੂਨੀਅਨ ਨੇ ਛੇ ਸਾਲ ਪਹਿਲਾਂ ਕਿਹਾ ਸੀ ਉਹ ਦਰੁਸਤ ਸਿੱਧ ਹੋਇਆ ਹੈ।

ਹਿੰਦ ਸਰਕਾਰ ਕੋਲ ਬਹੁਤ ਸਾਰੇ ਅਜਿਹੇ ਸਬੂਤ ਮੌਜੂਦ ਹਨ ਜਿਨਾਂ ਤੋਂ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ


**River View Roofing**

ਵਧੇਰੇ ਜਾਣਕਾਰੀ ਲਈ ਫੋਨ ਕਰੋ :

ਬਿੱਲ (Bill) : 591-8700

ਪੇਜਰ : 645-2603



**River View Roofing**

6716 — King George HWY. SURREY, B.C.

2nd class Mail Reg. No. 6794
Monthly Magazine
The
Lokta
P.O.Box 67534 STN.'O'
VANCOUVER, B.C. V5W 3T9




SHAN
SAREES &
DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847